EDUCATING LITERATES
LALLY
Infosys
Since 1997
Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ
ਮੰਗਲਵਾਰ 30 ਅਪ੍ਰੈਲ 2024

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
easyvisa
8194 828282

R.N.I.Punpun/29016/2008 * ਸਾਲ 15 * ਅੰਕ : 336 * ਮੁੱਲ ; 5.00 ਰੁਪਏ * ਕੁੱਲ ਪੇਜ 10 * ਦਫਤਰ : 0181-2211009 * : M 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
easyvisa | 8194 828282

## ਦਰਦਨਾਕ ਸੜਕ ਹਾਦਸੇ ਵਿੱਚ ਛੇ ਔਰਤਾਂ ਤੇ ਬੱਚਿਆਂ ਦੀ ਹੋਈ ਮੌਤ



ਬੇਮੇਤਾਰਾ, - ਛੱਤੀਸਗੜ੍ਹ ਦੇ ਬੇਮੇਤਾਰਾ ਜ਼ਿਲ੍ਹੇ ਵਿਚ ਸੜਕ ਹਾਦਸੇ ਕਾਰਨ 6 ਔਰਤਾਂ ਅਤੇ ਤਿੰਨ ਬੱਚਿਆਂ ਦੀ ਮੌਤ ਹੋ ਗਈ ਅਤੇ 23 ਜ਼ਖ਼ਮੀ ਹੋ ਗਏ। ਜ਼ਿਲ੍ਹੇ ਦੇ ਕਠੀਆ ਪਿੰਡ ਨੇੜੇ ਐਤਵਾਰ ਰਾਤ ਨੂੰ ਪਿਕਅੱਪ ਗੱਡੀ ਦੀ ਇਕ ਹੋਰ ਗੱਡੀ ਨਾਲ ਟੱਕਰ ਹੋਣ ਕਾਰਨ 9 ਵਿਅਕਤੀਆਂ ਦੀ ਮੌਤ ਹੋ ਗਈ ਅਤੇ 22 ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿੱਚ 6 ਔਰਤਾਂ ਅਤੇ ਤਿੰਨ ਬੱਚੇ ਸ਼ਾਮਲ ਹਨ। ਪਿੰਡ ਪਥਰਾੜਾ ਦੇ ਲੋਕ ਪਰਿਵਾਰਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਿੱਕਅੱਪ ਗੱਡੀ ਵਿੱਚ ਪਿੰਡ ਤਿਰਈਆ ਗਏ ਹੋਏ ਸਨ। ਰਾਤ ਨੂੰ ਵਾਪਸੀ ਵੇਲੇ ਉਨ੍ਹਾਂ ਦਾ ਵਾਹਨ ਸੜਕ ਕੰਢੇ ਖੜ੍ਹੇ ਵਾਹਨ ਨਾਲ ਟਕਰਾਅ ਗਿਆ।

## ਗੋਆ ਤੇ ਜੈਪੁਰ ਦੇ ਹਵਾਈ ਅੱਡਿਆਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ



ਨਵੀਂ ਦਿੱਲੀ , 29 ਅਪ੍ਰੈਲ - ਲੋਕ ਸਭ ਚੋਣਾਂ ਦੇ ਚਲਦਿਆਂ ਦੇਸ਼ ਦੇ ਦੋ ਵੱਡੇ ਹਵਾਈ ਅੱਡਿਆਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਸੋਮਵਾਰ ਨੂੰ ਇਕ ਈ-ਮੇਲ ਰਾਹੀਂ ਦਾਅਵਾ ਕੀਤਾ ਗਿਆ ਸੀ ਕਿ ਜੈਪੁਰ ਅਤੇ ਗੋਆ ਹਵਾਈ ਅੱਡਿਆਂ 'ਤੇ ਬੰਬ ਲਗਾਏ ਗਏ ਸਨ। ਇਹ ਖ਼ਬਰ ਮਿਲਦੇ ਹੀ ਪ੍ਰਸ਼ਾਸਨ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ ਤੇ ਸੁਰੱਖਿਆ ਏਜੰਸੀਆਂ ਨੂੰ ਚੌਕਸ ਕੀਤਾ ਗਿਆ ਹੈ ।

## ਪੰਜਾਬ ਵਿੱਚ ਫੇਰ ਚੱਲੀਂ ਗੋਲੀ ਇਕ ਜਖਮੀ

ਲੁਧਿਆਣਾ, ਸੁਖਚੈਨ ਮਹਿਰਾ- - ਥਾਣਾ ਮਾਡਲ ਟਾਊਨ ਦੇ ਘੇਰੇ ਅੰਦਰ ਪੈਂਦੇ ਇਲਾਕੇ ਅਬਦੁੱਲਾ ਪੁਰ ਬਸਤੀ ਵਿਚ ਅੱਜ ਦੇਰ ਸ਼ਾਮ ਨੌਜਵਾਨਾਂ ਵਲੋਂ ਚਲਾਈਆਂ ਗੋਲੀਆਂ ਵਿਚ ਇਕ ਨੌਜਵਾਨ ਜ਼ਖ਼ਮੀ ਹੋ ਗਿਆ ਹੈ । ਜ਼ਖ਼ਮੀ ਹੋਏ ਨੌਜਵਾਨ ਦੀ ਸ਼ਨਾਖਤ ਗੁਰਪ੍ਰੀਤ ਸਿੰਘ ਉਰਫ਼ ਰਿੱਕੀ ਵਜੋਂ ਕੀਤੀ ਗਈ ਹੈ । ਉਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਹੈ ਲੜਾਈ ਦਾ ਕਾਰਨ ਨਿੱਜੀ ਰਜਿਸ਼ ਦੱਸਿਆ ਗਿਆ ਹੈ ।

## ਭਗਵੰਤ ਮਾਨ ਦੇ ਰੋਡ ਸ਼ੋ ਦਾ ਵਿਰੋਧ ਕਰ ਰਹੇ ਵਿਅਕਤੀ ਨੂੰ ਪੁਲਿਸ ਨੇ ਕੁਟਿਆ

ਰੋਪੜ, -ਪੰਜਾਬ ਵਿਚ ਲੋਕ ਸਭਾ ਚੋਣਾਂ ਦਾ ਅਖਾੜਾ ਭਖ ਚੁਕਾ ਹੈ ਤੇ ਲੋਕ ਆਪਣਾ ਵਿਰੋਧ ਇਸ ਮੋਕੇ ਵੱਖ ਵੱਖ ਪਾਰਟੀਆਂ ਨਾਲ ਜਤਾ ਰਹੇ ਹਨ ਇਸੇ ਲੜੀ ਤਹਿਤ ਜਦੋਂ ਭਗਵੰਤ ਮਾਨ ਦੇ ਰੋਪੜ ਵਿਚ ਰੋਡ ਸ਼ੋਅ ਦੌਰਾਨ ਵਿਰੋਧ ਕਰਨ ਵਾਲੇ ਇਕ ਵਿਅਕਤੀ ਦਾ ਪੁਲਿਸ ਨੇ ਕੁਟਾਪਾ ਚਾੜ੍ਹਿਆ ਜਿਸ ਦੀ ਚਰਚਾ ਪੂਰੇ ਇਲਾਕੇ ਵਿੱਚ ਹੈ ਲੋਕ ਇਸ ਘਟਨਾ ਕਰਕੇ ਕਾਫੀ ਗੁੱਸੇ ਵਿੱਚ ਨਜ਼ਰ ਆਏ।

## ਦੇਸ਼ ਵਿਚ .ਗਰੀਬ ਪਰਿਵਾਰ ਦੀਆਂ ਔਰਤਾਂ ਨੂੰ ਮਿਲੇਗਾ 8500 ਰੁਪਏ-ਰਾਹੁਲ ਗਾਂਧੀ

ਛੱਤੀਸਗੜ੍ਹ,-ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ ਪਾਰਟੀ ਹੁਣ ਇਕ ਨਵੀਂ ਸਕੀਮ 'ਮਹਾਲਕਸ਼ਮੀ ਯੋਜਨਾ' ਲੈ ਕੇ ਆਈ ਹੈ। ਭਾਰਤ ਦੇ ਗਰੀਬ ਪਰਿਵਾਰਾਂ ਦੀ ਸੂਚੀ ਬਣਾਈ ਜਾਵੇਗੀ। ਹਰ ਪਰਿਵਾਰ ਵਿਚੋਂ ਇਕ ਔਰਤ ਦਾ ਨਾਮ ਚੁਣਿਆ ਜਾਵੇਗਾ। ਕਾਂਗਰਸ ਪਾਰਟੀ ਹਰ ਔਰਤ ਦੇ ਬੈਂਕ ਖ਼ਾਤੇ 'ਚ 8500 ਰੁਪਏ ਜ਼ਮ੍ਹਾ ਕਰਵਾਉਣ ਜਾ ਰਹੀ ਹੈ, ਦੁਨੀਆ ਦੀ ਕਿਸੇ ਵੀ ਸਰਕਾਰ ਨੇ ਅਜਿਹਾ ਕੰਮ ਨਹੀਂ ਕੀਤਾ ਹੈ, ਇਹ ਸਰਕਾਰ ਪਹਿਲੀ ਸਰਕਾਰ ਹੋਵੇਗੀ, ਜੋ ਇਹ ਕੰਮ ਕਰਨ ਜਾ ਰਹੀ ਹੈ।

## ਜੰਮੂ ਸ਼੍ਰੀਨਗਰ ਚ ਭਾਰੀ ਬਾਰਸ਼ ਕਾਰਨ ਕੋਮੀ ਮਾਰਗ ਕੀਤਾ ਗਿਆ ਬੰਦ



ਜੰਮੂ - ਜੰਮੂ-ਕਸ਼ਮੀਰ ਦੇ ਕਈ ਹਿੱਸਿਆਂ ਵਿਚ ਸਾਰੀ ਰਾਤ ਹੋਈ ਬਾਰਸ਼ ਤੋਂ ਬਾਅਦ ਢਿੱਗਾਂ ਡਿੱਗਣ ਦੀਆਂ ਕਈ ਘਟਨਾਵਾਂ ਦੇ ਮੱਦੇਨਜ਼ਰ ਅੱਜ ਜੰਮੂ-ਸ਼੍ਰੀਨਗਰ ਰਾਸ਼ਟਰੀ ਰਾਜਮਾਰਗ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ। ਰਾਮਬਨ ਜ਼ਿਲ੍ਹੇ ਦੇ ਮੇਹਰ, ਗੰਗਰੂ, ਮੋਮ ਪਾਸੀ ਅਤੇ ਕਿਸ਼ਤਵਾੜੀ ਪਾਥੇਰ 'ਚ ਢਿੱਗਾਂ ਡਿੱਗਣ ਕਾਰਨ ਕਸ਼ਮੀਰ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਵਾਲੇ ਇਸ ਹਾਈਵੇਅ 'ਤੇ ਆਵਾਜਾਈ ਬੰਦ ਕਰ ਦਿੱਤੀ ਗਈ। ਲਗਾਤਾਰ ਬਰਸਾਤ ਕਾਰਨ ਮੁਰੰਮਤ ਦਾ ਕੰਮ ਨਹੀਂ ਹੋ ਰਿਹਾ। ਅਧਿਕਾਰੀਆਂ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਪ੍ਰੇਸ਼ਾਨੀ ਤੋਂ ਬਚਣ ਲਈ ਇਸ ਰਾਹ ਤੋਂ ਨਾ ਗੁਜ਼ਰਨ।

## ਪੰਜਾਬ ਵਿੱਚ ਅਠਵੀਂ ਤੇ ਬਾਹਰਵੀਂ ਦਾ ਅੱਜ ਆਵੇਗਾ ਨਤੀਜਾ

ਚੰਡੀਗੜ੍ਹ, ਵਿਨੋਦ ਸ਼ਰਮਾ- - ਸਿੱਖਿਆ ਬੋਰਡ ਵਲੋਂ 8ਵੀਂ ਤੇ 12ਵੀਂ ਦੀਆਂ ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ 30 ਅਪ੍ਰੈਲ ਨੂੰ ਐਲਾਨੇ ਜਾਣਗੇ। ਬੋਰਡ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਨਤੀਜੇ 30 ਅਪ੍ਰੈਲ ਨੂੰ ਬਾਅਦ ਦੁਪਹਿਰ 4 ਵਜੇ ਐਲਾਨੇ ਜਾਣਗੇ।

DIPS
INSTITUTIONS
CHAIN OF DIPS INSTITUTIONS
KNOWLEDGE IS POWER
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

Website : www.lokbani.com
lokbani08@gmail.com

# ਸ਼ਹਿਰ ਦੇ ਇਤਿਹਾਸ ਵਿੱਚ ਡਰੱਗ ਦੀ ਸਭ ਤੋਂ ਵੱਡੀ ਖੇਪ ਬਰਾਮਦ 48 ਕਿਲੋ ਹੈਰੋਇਨ ਸਮੇਤ ਤਿੰਨ ਕਾਬੂ

ਜਲੰਧਰ - ਪੁਲਿਸ ਕਮਿਸ਼ਨਰੇਟ ਨੇ ਹੁਣ ਤੱਕ ਦਾ ਸਭ ਤੋਂ ਵੱਡੀ ਨਸ਼ੇ ਦੀ ਖੇਪ ਕੀਤੀ ਜ਼ਬਤ, ਅੰਤਰਰਾਸ਼ਟਰੀ ਸਿੰਡੀਕੇਟ ਦਾ ਪਰਦਾਫਾਸ਼, ਮੁੱਖ ਸਰਗਨਾ ਕੀਤਾ ਕਾਬੂ

ਸ਼ਹਿਰ ਦੇ ਇਤਿਹਾਸ ਵਿੱਚ ਡਰੱਗ ਦੀ ਸਭ ਤੋਂ ਵੱਡੀ ਖੇਪ ਬਰਾਮਦ 48 ਕਿਲੋ ਹੈਰੋਇਨ ਸਮੇਤ ਤਿੰਨ ਕਾਬੂ- ਸਿੰਡੀਕੇਟ ਦੇ ਤਾਰ ਸਰਹੱਦਾਂ ਦੇ ਪਾਰ ਫੈਲੇ ਹੋਏ ਹਨ, ਇਰਾਨ, ਅਫਗਾਨਿਸਤਾਨ, ਤੁਰਕੀ, ਪਾਕਿਸਤਾਨ ਅਤੇ ਕੈਨੇਡਾ ਨਾਲ ਜੁੜੇ, ਘਰੇਲੂ ਨੈਟਵਰਕ ਵਿਚ ਦੋ ਰਾਜਾਂ ਜੰਮੂ-ਕਸ਼ਮੀਰ ਅਤੇ ਗੁਜਰਾਤ ਵਿੱਚ ਵੀ ਫੈਲੇ 21 ਲੱਖ ਰੁਪਏ ਦੇ ਨਜਾਇਜ਼ ਫੰਡ ਜ਼ਬਤ, ਇੱਕ ਨੋਟ ਗਿਣਨ ਵਾਲੀ ਮਸ਼ੀਨ ਅਤੇ ਤਿੰਨ ਹਾਈ ਟੈਕ ਗੱਡੀਆਂ ਬਰਾਮਦ



ਜਲੰਧਰ ਪੁਲਿਸ ਕਮਿਸ਼ਨਰੇਟ ਨੇ ਹੁਣ ਤੱਕ ਦਾ ਸਭ ਤੋਂ ਵੱਡੀ ਜਲੰਧਰ ਪੁਲਿਸ ਕਮਿਸ਼ਨਰੇਟ ਨੇ ਹੁਣ ਤੱਕ ਦਾ ਸਭ ਤੋਂ ਵੱਡੀ ਨਸ਼ੇ ਦੀ ਖੇਪ ਕੀਤੀ ਜ਼ਬਤ, ਅੰਤਰਰਾਸ਼ਟਰੀ ਸਿੰਡੀਕੇਟ ਦਾ ਪਰਦਾਫਾਸ਼, ਮੁੱਖ ਸਰਗਨਾ ਕੀਤਾ ਕਾਬੂ ਸਿੰਡੀਕੇਟ ਦੇ ਤਾਰ ਸਰਹੱਦਾਂ ਦੇ ਪਾਰ ਫੈਲੇ ਹੋਏ ਹਨ, ਇਰਾਨ, ਅਫਗਾਨਿਸਤਾਨ, ਤੁਰਕੀ, ਪਾਕਿਸਤਾਨ ਅਤੇ ਕੈਨੇਡਾ ਨਾਲ ਜੁੜੇ, ਘਰੇਲੂ ਨੈਟਵਰਕ ਵਿਚ ਦੋ ਰਾਜਾਂ ਜੰਮੂ-ਕਸ਼ਮੀਰ ਅਤੇ ਗੁਜਰਾਤ ਵਿੱਚ ਵੀ ਫੈਲੇ 21 ਲੱਖ ਰੁਪਏ ਦੇ ਨਜਾਇਜ਼ ਫੰਡ ਜ਼ਬਤ, ਇੱਕ ਨੋਟ ਗਿਣਨ ਵਾਲੀ ਮਸ਼ੀਨ ਅਤੇ ਤਿੰਨ ਹਾਈ ਟੈਕ ਗੱਡੀਆਂ ਬਰਾਮਦ ਨਸ਼ੇ ਦੀ ਖੇਪ ਕੀਤੀ ਜ਼ਬਤ, ਅੰਤਰਰਾਸ਼ਟਰੀ ਸਿੰਡੀਕੇਟ ਦਾ ਪਰਦਾਫਾਸ਼, ਮੁੱਖ ਸਰਗਨਾ ਕੀਤਾ ਕਾਬੂ : ਨਸ਼ਿਆਂ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 48 ਕਿਲੋ ਹੈਰੋਇਨ ਬਰਾਮਦ ਕਰਕੇ ਅੰਤਰਰਾਸ਼ਟਰੀ ਡਰੱਗ ਰੈਕੇਟ ਦਾ ਪਰਦਾਫਾਸ਼ ਕੀਤਾ ਹੈ।

ਵੇਰਵਿਆਂ ਦਾ ਖੁਲਾਸਾ ਕਰਦਿਆਂ ਪੁਲਿਸ ਕਮਿਸ਼ਨਰ ਨੇ ਇਸਨੂੰ ਸ਼ਹਿਰ ਵਿੱਚ ਕਮਿਸ਼ਨਰੇਟ ਪੁਲਿਸ ਦੁਆਰਾ ਬਰਾਮਦ ਕੀਤੇ ਗਏ ਨਸ਼ਿਆਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੇਪ ਦੱਸਿਆ। ਉਨ੍ਹਾਂ ਦੱਸਿਆ ਕਿ ਕਮਿਸ਼ਨਰੇਟ ਪੁਲਿਸ ਵੱਲੋਂ ਇੱਕ ਇਤਲਾਹ 'ਤੇ ਸ਼ਹਿਰ ਵਿੱਚ ਵਿਸ਼ੇਸ਼ ਚੈਕਿੰਗ ਕੀਤੀ ਗਈ ਸੀ, ਜਿਸ ਦੌਰਾਨ ਵਾਈ-ਪੁਆਇੰਟ ਭਗਤ ਸਿੰਘ ਕਾਲੋਨੀ ਬਾਈਪਾਸ ਨੇੜੇ ਇੱਕ ਟੋਇਟਾ ਇਨੋਵਾ ਕਾਰ ਨੰਬਰ ਪੀ.ਬੀ.08-ਡੀ.ਐੱਸ.-2958 ਨੂੰ ਰੋਕਿਆ ਗਿਆ। ਉਧਰ, ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਡਰਾਈਵਰ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਕਾਰ ਨੂੰ ਰੋਕ ਲਿਆ ਅਤੇ ਗੱਡੀ ਦੀ ਤਲਾਸ਼ੀ ਲੈਣ 'ਤੇ ਗੱਡੀ ਦੇ ਅੰਦਰ ਇੱਕ ਥੈਲੇ ਵਿੱਚ ਛੁਪੀ ਹੋਈ 8 ਕਿਲੋ ਹੈਰੋਇਨ ਬਰਾਮਦ ਹੋਈ।ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੇ ਤੁਰੰਤ ਡਰਾਈਵਰ ਸਤਨਾਮ ਸਿੰਘ ਉਰਫ਼ ਬੱਬੀ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਢੰਡੀਆਂ ਥਾਣਾ ਬੰਗਾ ਜ਼ਿਲ੍ਹਾ ਨਵਾਂਸ਼ਹਿਰ, ਜੋ ਕਿ ਹੁਣ ਪ੍ਰਤਾਪ ਚੌਂਕ ਹੁਸ਼ਿਆਰਪੁਰ ਨੇੜੇ ਐਚ.ਨੰਬਰ 141/8 ਸੁਭਾਸ਼ ਨਗਰ ਵਿਖੇ ਕਿਰਾਏਦਾਰ ਹੈ, ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਅਤੇ ਐਫ.ਆਈ.ਆਰ. ਦੇ ਖਿਲਾਫ ਦਰਜ ਕੀਤਾ ਹੈ। ਉਨ੍ਹਾਂ ਦੱਸਿਆ ਕਿ ਤਫ਼ਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮੁਲਜ਼ਮ, ਅਮਨ ਰੋਜ਼ੀ ਅਤੇ ਉਸ ਦੇ ਪਤੀ ਹਰਦੀਪ ਸਿੰਘ ਨਾਲ ਨਸ਼ੇ ਦੇ ਨੈੱਟਵਰਕ ਨਾਲ ਜੁੜਿਆ ਹੋਇਆ ਸੀ । ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਇਸ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਪੁਲਿਸ ਨੇ ਨਕੋਦਰ ਜਲੰਧਰ ਰੋਡ ਤੋਂ ਦੋਨਾਂ ਸ਼ੱਕੀਆਂ ਨੂੰ ਕਾਬੂ ਕਰ ਲਿਆ, ਜਿੱਥੋਂ ਉਨ੍ਹਾਂ ਪਾਸੋਂ 40 ਕਿਲੋਗ੍ਰਾਮ ਹੈਰੋਇਨ ਭਾਰੀ ਮਾਤਰਾ 'ਚ ਬਰਾਮਦ ਕੀਤੀ ਗਈ ਅਤੇ ਕੁੱਲ 21 ਲੱਖ ਰੁਪਏ ਦੀ ਰਕਮ, ਟੋਇਟਾ ਇਨੋਵਾ ਸਮੇਤ ਤਿੰਨ ਗੱਡੀਆਂ, ਉਨ੍ਹਾਂ ਕੋਲੋਂ ਮਹਿੰਦਰਾ ਐਕਸਯੂਵੀ ਅਤੇ ਹੁੰਡਈ ਵਰਨਾ ਸਮੇਤ ਇੱਕ ਕੈਸ਼ ਕਾਊਂਟਿੰਗ ਮਸ਼ੀਨ ਬਰਾਮਦ ਕੀਤੀ ਗਈ ਹੈ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਹੋਰ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਸਤਨਾਮ ਸਿੰਘ ਦੀ 2017 ਵਿੱਚ ਪਹਿਲਾਂ ਵੀ ਨਸ਼ਾ ਤਸਕਰੀ ਦੇ ਇੱਕ ਕੇਸ ਵਿੱਚ ਸ਼ਮੂਲੀਅਤ ਸੀ, ਜਿਸ ਕਾਰਨ ਉਹ ਹੁਸ਼ਿਆਰਪੁਰ ਜੇਲ੍ਹ ਵਿੱਚ ਰਹਿੰਦੇ ਹੋਏ ਨਸ਼ਿਆਂ ਦੇ ਇੱਕ ਵੱਡੇ ਨੈਟਵਰਕ ਨਾਲ ਸੰਪਰਕ ਵਿੱਚ ਆਇਆ ਸੀ ਅਤੇ ਜ਼ਮਾਨਤ ਮਿਲਣ ਤੋਂ ਬਾਅਦ ਉਹ ਵੱਡੇ ਡਰੱਗ ਕਿੰਗਪਿਨ ਨਾਲ ਜੁੜਿਆ ਹੋਇਆ ਸੀ ਤੇ ਵੱਡੀ ਮਾਤਰਾ ਵਿੱਚ ਹੈਰੋਇਨ ਮੰਗਵਾਉਣਾ ਸ਼ੁਰੂ ਕਰ ਦਿੱਤਾ। ਉਸਨੇ ਕਿਹਾ ਕਿ 2023 ਵਿੱਚ, ਸਤਨਾਮ ਦੇ ਪੁੱਤਰ ਮਨਜੀਤ ਸਿੰਘ ਨੂੰ ਜੰਮੂ ਵਿੱਚ ਇੱਕ ਹੋਰ ਡਰੱਗ ਕੇਸ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਕੋਲੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ, ਪੈਸੇ, ਵਾਹਨਾਂ ਅਤੇ ਹੋਰ ਜਾਇਦਾਦਾਂ ਦੀ ਬਰਾਮਦਗੀ ਹੋਈ ਸੀ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਸਤਨਾਮ ਸਿੰਘ ਦਾ ਜਵਾਈ ਹਰਦੀਪ ਸਿੰਘ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੈਰੋਇਨ ਵੰਡਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ, ਜੋ ਅਕਸਰ ਆਵਾਜਾਈ ਲਈ ਕਈ ਵਾਹਨਾਂ ਦੀ ਵਰਤੋਂ ਕਰਦਾ ਸੀ।

ਪੁਲਿਸ ਕਮਿਸ਼ਨਰ ਨੇ ਕਿਹਾ ਕਿ ਹਰਦੀਪ ਸਿੰਘ ਦੀ ਪਤਨੀ ਅਮਨ ਰੋਜ਼ੀ ਨੇ ਵੀ ਵੰਡਣ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਵਿੱਤੀ ਰਿਕਾਰਡ ਦਾ ਧਿਆਨ ਰੱਖਿਆ। ਉਨ੍ਹਾਂ ਕਿਹਾ ਕਿ ਪੁਲਿਸ ਨੇ ਇਰਾਨ, ਅਫਗਾਨਿਸਤਾਨ, ਤੁਰਕੀ, ਪਾਕਿਸਤਾਨ ਅਤੇ ਕੈਨੇਡਾ ਦੇ ਨਾਲ-ਨਾਲ ਜੰਮੂ-ਕਸ਼ਮੀਰ ਅਤੇ ਗੁਜਰਾਤ ਵਿੱਚ ਕਾਰਜਸ਼ੀਲ ਰਹੇ ਇਸ ਨੈਟਵਰਕ ਦਾ ਪਰਦਾਫਾਸ਼ ਕੀਤਾ ਹੈ। ਸ੍ਰੀ ਸਵਪਨ ਸ਼ਰਮਾ ਨੇ ਕਿਹਾ ਕਿ ਇਸ ਵਿਆਪਕ ਨੈੱਟਵਰਕ ਦੇ ਕਿੰਗਪਿਨ ਨਵਪ੍ਰੀਤ ਸਿੰਘ ਉਰਫ਼ ਨਵ ਨੂੰ ਫੜਨ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ।

# ਪੰਜਾਬ 'ਚ ਸਰਕਾਰੀ ਬੱਸਾਂ ਦੀ ਹੜਤਾਲ ਇਸ ਦਿਨ, ਬੰਦ ਰਹਿਣਗੀਆਂ ਬੱਸਾਂ

ਚੰਡੀਗੜ੍ਹ- ਪੰਜਾਬ ਰੋਡਵੇਜ਼ /ਪਨਬਸ/ ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਦੇ ਵਲੋਂ 10 ਤਰੀਕ ਨੂੰ ਦੋ ਘੰਟੇ ਵਾਸਤੇ ਸਰਕਾਰੀ ਬੱਸਾਂ ਦੀ ਸਰਵਿਸ ਬੰਦ ਰੱਖਣ ਦਾ ਫ਼ੈਸਲਾ ਕੀਤਾ ਹੈ। ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਠੇਕੇਦਾਰੀ ਸਿਸਟਮ ਖਤਮ ਕਰਨ, ਵਿਭਾਗਾਂ ਦੇ ਨਿਜੀਕਰਨ ਕਰਨ ਨੂੰ ਬੰਦ ਕਰਾਉਣ ਕਿਲੋਮੀਟਰ ਸਕੀਮ ਬੱਸਾਂ ਬੰਦ ਕਰਾਉਣ ਨੂੰ ਲੈ ਕੇ ਪੰਜਾਬ ਰੋਡਵੇਜ਼ /ਪਨਬਸ/ ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪ੍ਰਦਰਸ਼ਨ ਕਰ ਰਹੇ ਹਨ, ਪਰ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕ ਰਹੀ। ਪੰਜਾਬ ਰੋਡਵੇਜ਼/ਪਨਬਸ/ ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ/ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ ਨੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ, ਜੇਕਰ ਵਿਭਾਗ ਵੱਲੋਂ ਹਰ ਮਹੀਨੇ 7 ਤਰੀਕ ਤੱਕ ਮੁਲਾਜ਼ਮਾਂ ਦੀਆਂ ਤਨਖਾਹਾਂ ਉਹਨਾਂ ਦੇ ਖਾਤੇ ਵਿੱਚ ਨਹੀਂ ਪਈਆਂ ਜਾਂਦੀਆਂ ਤਾਂ 8 ਤਰੀਕ ਨੂੰ ਗੇਟ




ਰੈਲੀਆਂ ਅਤੇ ਡਿਪੂ ਮੀਟਿੰਗਾਂ ਕਰਕੇ 10 ਤਰੀਕ ਨੂੰ ਦੋ ਘੰਟੇ ਵਾਸਤੇ ਪੂਰੇ ਪੰਜਾਬ ਦੀ ਬੱਸ ਸਰਵਿਸ ਬੰਦ ਕੀਤੀ ਜਾਏਗੀ ਅਤੇ 15 ਤਰੀਕ ਤੋਂ ਤਨਖਾਹ ਨਹੀਂ ਕੰਮ ਨਹੀਂ ਦੇ ਨਾਅਰੇ ਹੇਠ ਅਣਮਿੱਥੇ ਸਮੇਂ ਲਈ ਹੜਤਾਲ ਕੀਤੀ ਜਾਏਗੀ। ਆਗੂਆਂ ਨੇ ਦੋਸ਼ ਲਾਇਆ ਕਿ, ਪੰਜਾਬ ਵਿੱਚ ਟਰਾਂਸਪੋਰਟ ਮਾਫੀਆ ਅਤੇ ਸਿਖਰਾਂ ਤੇ ਚੱਲ ਰਿਹਾ ਹੈ। ਟਰਾਂਸਪੋਰਟ ਵਿਭਾਗ ਵਿੱਚ ਸਰਕਾਰ ਦਾ ਕੋਈ ਧਿਆਨ ਨਹੀਂ, ਦੂਜੇ ਪਾਸੇ ਸਰਕਾਰ ਵੱਲੋਂ ਫਰੀ ਸਫ਼ਰ ਸਹੂਲਤ ਕਾਰਨ ਲਗਭਗ ਵਿਭਾਗਾ ਦਾ 400-500 ਕਰੋੜ ਤੱਕ ਦਾ ਬਕਾਇਆ ਸਰਕਾਰ ਵੱਲੋਂ ਨਹੀਂ ਦਿੱਤਾ ਗਿਆ, ਜਿਸ ਕਰਕੇ ਵਿਭਾਗਾ ਦੇ ਵਿੱਚ ਸਪੇਆਰ ਪਾਰਟ ਤੇ ਟਾਇਰ ਖਰੀਦਣ ਦੇ ਤੋਂ ਲੈ ਕੇ ਵਰਕਰ ਦੀਆਂ ਤਨਖ਼ਾਹਾਂ ਵੀ ਸਮੇਂ ਸਿਰ ਨਹੀ ਦਿੱਤੀਆਂ ਜਾ ਰਹੀਆਂ। ਕਿਉਂਕਿ ਵਰਕਰ ਪਹਿਲਾਂ ਨਿਗੁਣੀਆਂ ਤਨਖਾਹਾਂ ਤੇ ਕੰਮ ਕਰਦੇ ਹਨ ਅਤੇ ਮੁਸ਼ਕਿਲਾਂ ਨਾਲ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਹੇ ਹਨ। ਪਰ ਸਮੇਂ ਸਿਰ ਤਨਖਾਹ ਨਹੀਂ ਆਉਂਦੀਆਂ। ਜਿਸ ਕਰਕੇ ਵਰਕਰਾਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ, ਜੇਕਰ ਵਿਭਾਗ ਵੱਲੋਂ ਹਰ ਮਹੀਨੇ 7 ਤਰੀਕ ਤੱਕ ਮੁਲਾਜ਼ਮਾਂ ਦੀਆਂ ਤਨਖਾਹਾਂ ਉਹਨਾਂ ਦੇ ਖਾਤੇ ਵਿੱਚ ਨਹੀਂ ਪਈਆਂ ਜਾਂਦੀਆਂ ਤਾਂ 8 ਤਰੀਕ ਨੂੰ ਗੇਟ ਰੈਲੀਆਂ ਅਤੇ ਡਿਪੂ ਮੀਟਿੰਗਾਂ ਕਰਕੇ 10 ਤਰੀਕ ਨੂੰ ਦੋ ਘੰਟੇ ਵਾਸਤੇ ਪੂਰੇ ਪੰਜਾਬ ਦੀ ਬੱਸ ਸਰਵਿਸ ਬੰਦ ਕੀਤੀ ਜਾਏਗੀ ਅਤੇ 15 ਤਰੀਕ ਤੋਂ ਤਨਖਾਹ ਨਹੀਂ ਕੰਮ ਨਹੀਂ ਦੇ ਨਾਅਰੇ ਹੇਠ ਅਣਮਿੱਥੇ ਸਮੇਂ ਲਈ ਹੜਤਾਲ ਕੀਤੀ ਜਾਏਗੀ।

## ਪੰਜਾਬ ਦੇ ਓਹ ਕਾਮਰੇਡ ਜਿਹੜੇ ਜੇਲ੍ਹ 'ਚੋਂ ਚੋਣ ਲੜੇ ਅਤੇ ਜਿੱਤ ਕੀਤੀ ਸੀ ਦਰਜ

ਨਵੀਂ ਦਿੱਲੀ-- ਤਹਿਤ ਜੇਲ੍ਹ ਦੇ ਅੰਦਰ ਬੰਦ ਵਾਰਸ ਪੰਜਾਬ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਫਿਰ ਚਰਚਾ ਵਿਚ ਹਨ, ਕਿਉਂਕਿ ਉਨ੍ਹਾਂ ਦੇ ਵੱਲੋਂ ਚੋਣ ਲੜਨ ਦਾ ਐਲਾਨ ਕੀਤਾ ਜਾ ਚੁੱਕਾ ਹੈ। ਅੰਮ੍ਰਿਤਪਾਲ ਦੀ ਮਾਤਾ ਦੇ ਮੁਤਾਬਿਕ, ਅੰਮ੍ਰਿਤਪਾਲ ਪੰਥਕ ਸੀਟ ਵਜੋਂ ਜਾਣੀ ਜਾਂਦੀ ਖਡੂਰ ਸਾਹਿਬ ਸੀਟ ਤੋਂ ਚੋਣ ਲੜਨਗੇ।

ਦੱਸ ਦਈਏ ਕਿ, ਅੰਮ੍ਰਿਤਪਾਲ ਤੋਂ ਪਹਿਲਾਂ ਵੀ ਕਈ ਵੱਡੇ ਲੀਡਰ ਜੇਲ੍ਹ ਵਿਚੋਂ ਚੋਣ ਲੜ ਚੁੱਕੇ ਹਨ ਅਤੇ ਉਨ੍ਹਾਂ ਦੁਆਰਾ ਜਿੱਤ ਵੀ ਦਰਜ ਕੀਤੀ ਗਈ ਹੈ। ਇਨ੍ਹਾਂ ਵਿਚ ਸਭ ਤੋਂ ਵੱਧ ਨਾਮ ਪੰਜਾਬ ਦੇ ਕਾਮਰੇਡਾਂ ਦੇ ਆਉਂਦੇ ਹਨ। ਪੰਜਾਬ ਦੇ ਤਿੰਨ ਵੱਡੇ ਕਾਮਰੇਡ ਲੀਡਰਾਂ ਨੇ ਜੇਲ੍ਹ ਵਿਚੋਂ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ ਸੀ। ਇਨ੍ਹਾਂ ਕਾਮਰੇਡਾਂ ਵਿਚ ਕਾਮਰੇਡ ਵਧਾਵਾ ਰਾਮ, ਕਾਮਰੇਡ ਜਗੀਰ ਸਿੰਘ ਜੋਗਾ ਅਤੇ ਧਰਮ ਸਿੰਘ ਫ਼ੱਕਰ ਸ਼ਾਮਲ ਹਨ।

ਜਾਣਕਾਰੀ ਲਈ ਦੱਸ ਦਈਏ ਕਿ, ਕਾਮਰੇਡ ਵਧਾਵਾ ਰਾਮ ਪੱਛਮੀ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਕਿਸਾਨ ਸਭਾ ਵੱਲੋਂ ਬਾਬਾ ਜਵਾਲਾ ਸਿੰਘ ਦੀ ਅਗਵਾਈ ਵਿੱਚ ਲੜੇ ਕਿਸਾਨ ਸੰਘਰਸ਼ ਸਮੇਂ ਉੱਭਰ ਕੇ ਸਾਹਮਣੇ ਆਏ ਤੇ 1939 ਵਿੱਚ ਪਟਵਾਰ ਛੱਡ ਕੇ ਸੰਘਰਸ਼ ਵਿੱਚ ਕੁੱਦ ਪਏ ਸਨ। ਆਜ਼ਾਦੀ ਦੀ ਲਹਿਰ ਵਿਚ ਉਸਦਾ ਯੋਗਦਾਨ ਅੱਜ ਵੀ ਚੇਤੇ ਕੀਤਾ ਜਾਂਦਾ ਹੈ। ਫ਼ਾਜ਼ਿਲਕਾ ਦੇ ਲੋਕਾਂ ਨੇ ਉਸਨੂੰ ਉਦੋਂ ਵਿਧਾਇਕ ਚੁਣਿਆ ਸੀ ਜਦੋਂ ਉਹ ਜੇਲ੍ਹ ਵਿੱਚ ਸਨ। ਵਿੱਕੀਪੀਡੀਆ ਲੇਖ ਮੁਤਾਬਿਕ, ਚੌਧਰੀ ਵਧਾਵਾ ਰਾਮ ਦਾ ਜਨਮ 15 ਅਗਸਤ 1917 ਨੂੰ ਬ੍ਰਿਟਿਸ਼ ਪੰਜਾਬ (ਹੁਣ ਪਾਕਿਸਤਾਨ) ਦੇ ਪਿੰਡ ਮੱਲ ਤਹਿਸੀਲ ਪਾਕਪਟਨ ਜ਼ਿਲ੍ਹਾ ਮਿੰਟਗੁਮਰੀ ਵਿੱਚ ਹੋਇਆ। ਵਧਾਵਾ ਰਾਮ ਜੀ ਇੱਕ ਗ਼ਰੀਬ ਕਿਸਾਨੀ ਪਰਿਵਾਰ ਤੋਂ ਸੀ। ਪਰਿਵਾਰਿਕ ਹਾਲਾਤਾਂ ਕਾਰਨ ਉਹ 10 ਵੀਂ ਜਮਾਤ ਤੋਂ ਵੱਧ ਦੀ ਪੜ੍ਹਾਈ ਨਹੀਂ ਕਰ ਸਕਿਆ ਸੀ। ਉਹ ਕੁੱਝ ਸਮੇਂ ਲਈ ਆਪਣੀ ਜ਼ਿੰਦਗੀ ਵਿਚ ਪਟਵਾਰੀ ਅਤੇ ਅਧਿਆਪਕ ਰਿਹਾ ਸੀ ਪਰ ਆਜ਼ਾਦੀ ਪ੍ਰਤੀ ਉਸ ਦੇ ਜਨੂਨ ਕਾਰਨ ਉਸ ਨੇ ਸਰਕਾਰੀ ਨੌਕਰੀ ਛੱਡ ਦਿੱਤੀ ਸੀ।

# ਆਸਰਾ ਫਾਊਂਡੇਸ਼ਨ ਦੀ ਹੋਈ ਸਲਾਨਾ ਚੋਣ, ਮਾ.ਸੰਜੀਵ ਧਰਮਾਣੀ ਬਣੇ ਪ੍ਰਧਾਨ



ਸ਼੍ਰੀ ਅਨੰਦਪੁਰ ਸਾਹਿਬ 29 ਅਪ੍ਰੈਲ (ਦਵਿੰਦਰਪਾਲ ਸਿੰਘ): ਸਮਾਜ ਸੇਵਾ ਦੇ ਕੰਮਾਂ ਦੇ ਨਾਲ ਨਾਲ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਲਈ ਯਤਨਸ਼ੀਲ ਸੰਸਥਾ ਆਸਰਾ ਫਾਊਂਡੇਸ਼ਨ" ਸ਼੍ਰੀ ਅਨੰਦਪੁਰ ਸਾਹਿਬ (ਰਜਿ:) ਦੀ ਜਰੂਰੀ ਮੀਟਿੰਗ ਅੱਜ ਫਾਊਂਡੇਸ਼ਨ ਦੇ ਪ੍ਰਧਾਨ ਨਵੀਨ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਸੰਸਥਾ ਦੇ ਸਕੱਤਰ ਦਵਿੰਦਰਪਾਲ ਸਿੰਘ ਵਲੋਂ ਸੰਸਥਾ ਦੇ ਸਮੂਹ ਮੈਂਬਰਾਂ ਨੂੰ ਜਿੱਥੇ ਪਿਛਲੇ ਦੋ ਸਾਲਾਂ ਦੌਰਾਨ ਕੀਤੇ ਸਮਾਜ ਸੇਵਾ ਦੇ ਕੰਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਉੱਥੇ ਹੀ ਆਉਣ ਵਾਲੇ ਸਮੇਂ ਵਿਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਦੌਰਾਨ ਸਮੂਹ ਮੈਂਬਰਾਂ ਵਲੋਂ ਸੰਸਥਾ ਦੀ ਨਵੀਂ ਸਲਾਨਾ ਚੋਣ ਵੀ ਸਰਵਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਮਾ.ਸੰਜੀਵ ਧਰਮਾਣੀ ਨੂੰ ਪ੍ਰਧਾਨ ਚੁਣ ਲਿਆ ਗਿਆ। ਇਸ ਤੋਂ ਇਲਾਵਾ ਅੰਕੁਸ਼ ਕੁਮਾਰ ਨੂੰ ਸਕੱਤਰ, ਅਜੇ ਕੁਮਾਰ ਨੂੰ ਕੈਸ਼ੀਅਰ ਅਤੇ ਨਵੀਨ ਕੁਮਾਰ ਨੂੰ ਚੇਅਰਮੈਨ ਪ੍ਰਾਜੈਕਟ ਨਿਯੁਕਤ ਕੀਤਾ ਗਿਆ। ਇਸਤੋਂ ਇਲਾਵਾ ਬਾਕੀ ਮੈਂਬਰਾਂ ਨੂੰ ਅਹੁਦੇ ਦੇਣ ਦੇ ਅਧਿਕਾਰ ਪ੍ਰਧਾਨ ਅਤੇ ਸਕੱਤਰ ਨੂੰ ਦਿੱਤੇ ਗਏ। ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਬਣਾਏ ਜਾਣ ਤੇ ਮਾ.ਸੰਜੀਵ ਧਰਮਾਣੀ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਨ੍ਹਾਂ ਨੂੰ ਜੋ ਜਿੰਮੇਵਾਰੀ ਸੌਂਪੀ ਗਈ ਹੈ ਉਹ ਉਸਨੂੰ ਬਾਖੂਬੀ ਨਿਭਾਉਣਗੇ। ਇਸ ਮੌਕੇ ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਵਾਤਾਵਰਨ ਨੂੰ ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਰੱਖਣ ਦੇ ਲਈ ਵੱਧ ਤੋਂ ਵੱਧ ਪੌਦੇ ਲਗਾਏ ਜਾਣ ਅਤੇ ਪਲਾਸਟਿਕ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਰਸ਼ਦੀਪ ਸਿੰਘ, ਜਸਦੀਪ ਸਿੰਘ ਧਾਲੀਵਾਲ, ਧੀਰਜ ਘਈ, ਸਤਿੰਦਰਪਾਲ ਸਿੰਘ, ਦੁਰੋਹੀਂਨ ਘਈ, ਰਾਜ ਘਈ ਆਦਿ ਹਾਜ਼ਰ ਸਨ।



# ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 2 ਮਈ ਤੋਂ ਹੋਣਗੇ ਆਰੰਭ-: ਮਾਤਾ ਗੁਰਚਰਨ ਕੌਰ

ਸ੍ਰੀ ਅਨੰਦਪੁਰ ਸਾਹਿਬ, 29 ਅਪ੍ਰੈਲ(ਦਵਿੰਦਰਪਾਲ ਸਿੰਘ): ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਸਤਰੀ ਸਤਸੰਗ ਸਭਾ ਸ਼੍ਰੀ ਅਨੰਦਪੁਰ ਸਾਹਿਬ ਦੀਆਂ ਬੀਬੀਆਂ ਵੱਲੋਂ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 2 ਮਈ ਤੋਂ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਆਰੰਭ ਕੀਤੇ ਜਾ ਰਹੇ ਹਨ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਮਾਤਾ ਗੁਰਚਰਨ ਕੌਰ ਨੇ ਦੱਸਿਆ ਕਿ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਰੋਜ਼ਾਨਾ ਸ਼ਾਮ ਦੇ ਚਾਰ ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸ਼ੁਰੂ ਕੀਤੇ ਜਾਣਗੇ ਉਪਰੰਤ ਸੰਗਤਾਂ ਲਈ ਹਰ ਰੋਜ਼ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਪਾਠ ਲਗਾਤਾਰ 10 ਜੂਨ ਗੁਰਪੁਰਬ ਵਾਲੇ ਦਿਨ ਤਕ ਇਸੇ ਤਰ੍ਹਾਂ ਜਾਰੀ ਰਹਿਣਗੇ। ਇਸ ਮੌਕੇ ਉਨ੍ਹਾਂ ਨਾਲ ਬੀਬੀ ਤਜਿੰਦਰ ਕੌਰ, ਬੀਬੀ ਸੁਰਿੰਦਰਪਾਲ ਕੌਰ, ਬੀਬੀ ਗੁਰਜੀਤ ਕੌਰ, ਬੀਬੀ ਮਨਜੀਤ ਕੌਰ, ਬੀਬੀ ਜਸਵੰਤ ਕੌਰ, ਬੀਬੀ ਬਲਵੀਰ ਕੌਰ, ਬੀਬੀ ਹਰਜੀਤ ਕੌਰ, ਬੀਬੀ ਸੁਰਿੰਦਰ ਕੌਰ, ਬੀਬੀ ਪਰਵਿੰਦਰ ਕੌਰ, ਬੀਬੀ ਤਰਨਜੀਤ ਕੌਰ, ਬੀਬੀ ਸ਼ਬਨਮ ਕੌਰ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਧੂਰੀ ਨੇ ਕੀਤਾ ਦਾਣਾ ਮੰਡੀ ਕੋਟ ਈਸੇ ਖਾਂ ਦਾ ਦੌਰਾ

## ਲਿਫਟਿੰਗ ਸੰਬੰਧੀ ਸਮੱਸਿਆ ਦਾ ਹੱਲ ਕਰਨ ਦਾ ਦਿੱਤਾ ਭਰੋਸਾ



ਕੋਟ ਈਸੇ ਖਾਂ (ਅਰੋੜਾ)– ਦਾਣਾ ਮੰਡੀ ਕੋਟ ਇਸੇ ਖਾਂ ਵਿਖੇ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਧੂਰੀ ਨੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਦੌਰਾ ਕੀਤਾ। ਇਸ ਮੌਕੇ ਉਨਾਂ ਨੇ ਪਨਗਰੇਨ, ਮਾਰਕਫੈਡ, ਵੇਅਰ ਹਾਊਸ ਖਰੀਦ ਏਜੰਸੀਆਂ ਦੇ ਅਧਿਕਾਰੀਆਂ, ਮਾਰਕੀਟ ਕਮੇਟੀ ਦੇ ਕਰਮਚਾਰੀਆਂ, ਟਰੱਕ ਯੂਨੀਅਨ ਦੇ ਆਗੂਆਂ, ਆੜਤੀ ਯੂਨੀਅਨ ਦੇ ਨੁਮਾਇਦਿਆਂ ਤੇ ਕਿਸਾਨਾਂ ਮਜ਼ਦੂਰਾਂ ਨਾਲ ਕਣਕ ਦੀ ਖਰੀਦ ਅਤੇ ਲਿਫਟਿੰਗ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਖਰੀਦ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ। ਇਸ ਮੌਕੇ ਗੱਲ ਕਰਦਿਆਂ ਆੜਤੀ ਯੂਨੀਅਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਕਣਕ ਦੀ ਲਗਭਗ ਸਾਰੀ ਫਸਲ ਹੀ ਮੰਡੀ ਵਿੱਚ ਆ ਚੁੱਕੀ ਹੈ ਜਿਸ ਦੀ ਤਕਰੀਬਨ ਖਰੀਦ ਵੀ ਹੋ ਚੁੱਕੀ ਹੈ। ਪਰੰਤੂ ਲਿਫਟਿੰਗ ਵਿੱਚ ਕੁਝ ਸਮੱਸਿਆ ਆ ਰਹੀ ਹੈ, ਉਹਨਾਂ ਦੱਸਿਆ ਕਿ ਮੋਗਾ ਵਿਖੇ ਸਾਰੇ ਜਿਲ੍ਹੇ ਦੀਆਂ ਮੰਡੀਆਂ ਦੀ ਕਣਕ ਲਿਫਟ ਹੁੰਦੀ ਹੈ, ਇਸ ਲਈ ਗੱਡੀਆਂ ਕਈ ਕਈ ਦਿਨ ਖਾਲੀ ਨਹੀਂ ਹੁੰਦੀਆਂ। ਟਰੱਕ ਯੂਨੀਅਨ ਦੇ ਨੁਮਾਇੰਦਿਆਂ ਨੇ ਵੀ ਡਿਪਟੀ ਕਮਿਸ਼ਨਰ ਸਾਹਮਣੇ ਆਪਣੀ ਸਮੱਸਿਆ ਰੱਖੀ, ਜਿਸ ਦਾ ਜਵਾਬ ਦਿੰਦਿਆਂ ਡਿਪਟੀ ਕੁਲਵੰਤ ਸਿੰਘ ਧੂਰੀ ਨੇ ਕਿਹਾ ਕਿ ਆੜਤੀਆਂ ਤੇ ਟਰੱਕ ਯੂਨੀਅਨ ਦੀ ਲਿਫਟਿੰਗ ਸਬੰਧੀ ਇਸ ਸਮੱਸਿਆ ਦਾ ਵੀ ਹੱਲ ਕਰ ਦਿੱਤਾ ਗਿਆ ਹੈ, ਅੱਜ ਤੋਂ ਗੱਡੀਆਂ ਖਾਲੀ ਹੋਣ ਵਿੱਚ ਕੋਈ ਸਮੱਸਿਆ ਨਹੀਂ ਆਵੇਗੀ। ਇਸ ਮੌਕੇ ਡੀਐਮਓ ਮੰਡੀ ਬੋਰਡ ਜਸ਼ਨਦੀਪ ਸਿੰਘ, ਡੀਐਮਓ ਮਾਰਕਫੈਡ ਬਲਦੀਪ ਸਿੰਘ, ਵੇਅਰ ਹਾਊਸ ਦੇ ਇੰਸਪੈਕਟਰ ਰਾਜਨ ਖੰਨਾ, ਗੁਰਜੰਟ ਸਿੰਘ, ਪਨ ਗਰੇਨ ਦੇ ਇੰਸਪੈਕਟਰ ਪ੍ਰਿਤਪਾਲ ਸਿੰਘ, ਮਾਰਕੀਟ ਕਮੇਟੀ ਦੇ ਸੈਕਟਰੀ ਗੁਰਲਾਲ ਸਿੰਘ, ਮੰਡੀ ਸੁਪਰਵਾਈਜ਼ਰ ਮੈਡਮ ਰਾਜ ਕੌਰ, ਪ੍ਰਭਜੋਤ ਕੌਰ, ਸੂਰਜ ਸ਼ਰਮਾ, ਆੜਤੀ ਯੂਨੀਅਨ ਦੇ ਪ੍ਰਧਾਨ ਸਰਦੂਲ ਸਿੰਘ ਬੈਂਸ, ਮੇਜਰ ਸਿੰਘ ਸ਼ਾਦੀ ਵਾਲਾ, ਗੁਰਦੇਵ ਸਿੰਘ ਨਿਹਾਲਗੜ੍ਹ, ਮੋਹਨ ਲਾਲ ਸ਼ਰਮਾ, ਸੁਭਾਸ਼ ਚੰਦਰ ਛਾਬੜਾ, ਸੰਦੀਪ ਜੁਨੇਜਾ, ਰਣਜੀਤ ਸਿੰਘ ਰਾਣਾ, ਅਜੇ ਕਪੂਰ, ਹਵਨਦੀਪ ਸਿੰਘ ਸੰਧੂ, ਵਿਜੇ ਜੁਨੇਜਾ, ਸਤਿੰਦਰ ਗਿੱਲ, ਰਮੇਸ਼ ਬੱਬੂ, ਗੋਪਾਲ ਗਰਗ, ਸਾਨੂੰ ਕਾਲੜਾ, ਸੋਨੂ ਛਾਬੜਾ, ਟੀਟੀ ਤਨੇਜਾ, ਜਿੰਦਰ ਤਲਵੰਡੀ ਨੌ ਬਹਾਰ, ਰਾਜੂ ਮੁਨਸ਼ੀ ਤੇ ਹੋਰ ਕਿਸਾਨ ਮਜ਼ਦੂਰ ਹਾਜ਼ਰ ਸਨ।

# ਸ਼ਾਂਤੀ ਦੇਵੀ ਕਾਲਜ ਵਿੱਚ ਸਾਲਾਨਾ ਡਿਗਰੀ ਵੰਡ ਸਮਾਰੋਹ ਸੰਪੰਨ



ਦੀਨਾਨਗਰ 29 ਅਪ੍ਰੈਲ (ਡਾ.ਰਮੇਸ਼ ਸਰੰਗਲ ) ਸਥਾਨਕ ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ ਦੀਨਾਨਗਰ ਵਿੱਚ ਕਾਲਜ ਦੇ ਆਡੀਟੋਰੀਅਮ ਵਿੱਚ ਵੱਖ 2 ਵਿਸ਼ਿਆਂ ਨਾਲ ਸੰਬੰਧਤ ਗਰੈਜੂਏਟ ਅਤੇ ਪੋਸਟ ਗਰੈਜੂਏਟ ਤਕਰੀਬਨ 750 ਵਿਦਿਆਰਥਣਾਂ ਨੂੰ ਡਿਗਰੀਆਂ ਵੰਡੀਆਂ ਗਈਆਂ ਇਸ ਅਕਾਦਮਿਕ ਪ੍ਰੋਗਰਾਮ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਡੀਨ ਅਕਾਦਮਿਕ ਡਾ: ਪਲਵਿੰਦਰ ਸਿੰਘ ਨੇ ਮੁੱਖ ਮਹਿਮਾਨ , ਵਲੋਂ ਸ਼ਿਰਕਤ ਕੀਤੀ ਅਤੇ ਪ੍ਰੋਗਰਾਮ ਦੀ ਪ੍ਰਧਾਨਗੀ ਕਾਲਜ ਪ੍ਰਿੰਸੀਪਲ ਡਾ ਸ਼ੁਸ਼ਮਾ ਗੁਪਤਾ ਵੱਲੋਂ ਕੀਤੀ ਗਈ । ਇਸ ਸਮਾਗਮ ਵਿੱਚ ਇਸ ਕਾਲਜ ਦੇ ਸਾਬਕਾ ਪ੍ਰਿੰਸੀਪਲ ਨਿਰਮਲ ਪਾਂਧੀ ਅਤੇ ਐਜੂਕੇਸ਼ਨ ਕਾਲਜ ਦੀਨਾਨਗਰ ਦੇ ਪ੍ਰਿੰ: ਡਾ ਚੌਹਾਨ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ।

ਇਸ ਪ੍ਰੋਗਰਾਮ ਦਾ ਆਗਾਜ਼ ਜੋਤੀ ਜਗਾਕੇ ਪਵਿੱਤਰ ਵੇਦ ਮੰਤਰਾਂ ਦੇ ਉਚਾਰਣ ਨਾਲ ਕੀਤਾ ਗਿਆ। ਪ੍ਰਿੰਸੀਪਲ ਸੁਸ਼ਮਾ ਗੁਪਤਾ ਅਨਿਲ ਗੁਪਤਾ, ਇੰਦਰ ਗੁਪਤਾ ਅਤੇ ਵਿਸਾਲ ਗੁਪਤਾ ਅਤੇ ਮਿਸ਼ਾ ਗੁਪਤਾ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ । ਪ੍ਰੋਗਰਾਮ ਦੌਰਾਨ ਸਟੇਜ ਦੀ ਕਾਰਵਾਈ ਡਾ; ਨੀਨੂੰ ਸ਼ਰਮਾ ਵੱਲੋਂ ਬਾਖੂਬੀ ਨਿਭਾਈ ਗਈ। ਕਾਲਜ ਪ੍ਰਿੰ: ਡਾ ਸੁਸਮਾ ਗੁਪਤਾ ਵੱਲੋਂ ਕਾਲਜ ਦੀ 'ਰਿਪੋਰਟ ਪੇਸ਼ ਕੀਤੀ ਗਈ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਦੀਆਂ ਉਪਲਭਦੀਆਂ ਬਾਰੇ ਵਿਸ਼ੇਸ਼ ਤੌਰ ਤੇ ਜਿਕਰ ਕੀਤਾ ਗਿਆ ? ਉਨ੍ਹਾਂ ਨੇ ਦੱਸਿਆ 2 ਇਹ ਸੰਸਥਾ ਪੜ੍ਹਾਈ, ਖੇਡਾਂ, ਖੋਜ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਇਸ ਖੇਤਰ ਦੀ ਪ੍ਰਮੁੱਖ ਸੰਸਥਾ ਹੈ। ਮੁਖ ਮਹਿਮਾਨ ਡਾ: ਪਲਵਿੰਦਰ ਸਿੰਘ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਲੜਕੀਆਂ ਦੀ ਸਿੱਖਿਆ ਸਮਾਜ ਵਾਸਤੇ ਮਹੱਤਵਪੂਰਨ ਹੋ ਅਤੇ ਇਸ ਸੰਸਥਾ ਵਿੱਚ ਪੜ੍ਹਾਈ ਅਤੇ ਡਸਿਪਲਿਨ ਦਾ ਵਧੀਆ ਅਕਸ਼ ਵੇਖਣ ਨੂੰ ਮਿਲਿਆ ਹੈ ਅਤੇ ਮੈਂ ਇਸਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ । ਇਸ ਮੌਕੇ ਕਾਲਜ ਦੀ ਬੈਸਟ ਸਿੰਗਰ ਪਲਕ ਵੱਲੋਂ ਖੂਬਸੂਰਤ ਗੀਤ ਪੇਸ਼ ਕੀਤਾ ਗਿਆ ਅਤੇ ਐਨ ਸੀ ਸੀ ਕੈਡਿਡੇਟਸ ਵੱਲੋਂ ਦੇਸ ਭਗਤੀ ਨਾਲ ਸੰਬੰਧਿਤ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਇਸ ਮੌਕੇ ਕਾਲਜ ਦਾ ਸਮੂਹ ਹਾਜ਼ਰ ਸੀ।

# ਐਸ ਸੀ ਡੀ ਸਰਕਾਰੀ ਕਾਲਜ ਲੁਧਿਆਣਾ ਦੀ ਰੈਡ ਕਰਾਸ ਸੁਸਾਇਟੀ ਵਲੋ ਵਿਸ਼ੇਸ਼ ਉਪਰਾਲਾ




**ਲੁਧਿਆਣਾ (ਸੁਖਚੈਨ ਮਹਿਰਾ)** ਸਥਾਨਕ ਐਸ.ਸੀ.ਡੀ ਸਰਕਾਰੀ ਕਾਲਜ ਲੁਧਿਆਣਾ ਦੇ ਰੈਡ ਕਰਾਸ ਸੁਸਾਇਟੀ ਦੇ ਵਲੰਟੀਅਰਾਂ ਨੇ ਮਨੁੱਖਤਾ ਦੀ ਸੇਵਾ ਆਸ਼ਰਮ (ਨੇੜੇ ਹਰਸ਼ੀਲਾ ਰਿਸੋਰਟ) ਸੋਰਟ) ਦਾ ਦੌਰਾ ਕੀਤਾ। ਰੈਂਡ ਕਰਾਸ ਸੁਸਾਇਟੀ ਦੇ ਕਨਵੀਨਰ ਪ੍ਰੋ.ਅਨਾਮਿਕਾ ਅਤੇ ਕਾਰਜਕਾਰਨੀ ਕਮੇਟੀ ਦੇ ਮੈਂਬਰ ਪ੍ਰੋ. ਮੋਨਿਕਾ ਕਪਿਲਾ ਪ੍ਰੋ. ਮੋਨਿਕਾ ਜੈਨ ਪ੍ਰੋ. ਅਮਨਦੀਪ ਸਿੰਘ ਅਤੇ ਪ੍ਰੋ ਵਿਨੀਤਾ ਨੇ ਇਸ ਦੌਰੇ ਦਾ ਆਯੋਜਨ ਕੀਤਾ। ਵਿਦਿਆਰਥੀ ਸਮਾਜ ਦੇ ਹਨੇਰੇ ਪੱਖ ਨੂੰ ਦੇਖਦੇ ਹਨ ਅਤੇ ਇਸ ਵਲ ਆਕਰਸ਼ਿਤ ਹੁੰਦੇ ਹਨ ਪਰ ਵੱਡਿਆ ਦਾ ਅਤੇ ਸਮਾਜ ਦਾ ਫਰਜ ਹੈ ਉਨਾ ਨੂੰ ਸਮਾਜ ਦਾ ਸਹੀ ਪਖ ਦਿਖਾਇਆ ਜਾਵੇ ਤਾਂ ਜੋ ਵਿਦਿਆਰਥੀ ਸਹੀ ਲੀਹਾਂ ਤੇ ਚਲ ਸਕਣ।।ਮਨੁੱਖਤਾ ਦੀ ਸੇਵਾ ਕਰਨ ਦਾ ਜੋਸ਼. ਸ੍ਰੀ ਗੁਰਪ੍ਰੀਤ ਸਿੰਘ ਜੋ ਇਸ ਸੰਸਥਾ ਦੇ ਸੰਸਥਾਪਕ ਹਨ ਲਗਾਤਾਰ ਨਿਭਾ ਰਹੇ ਹਨ। ਉਹ ਸਮਾਜ ਦੇ ਬੇਸਹਾਰਾ ਨਾਗਰਿਕਾਂ ਦੀ ਦੇਖਭਾਲ ਕਰਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਪਰਿਵਾਰਾਂ ਦੁਆਰਾ ਲੋੜ ਦੀ ਘੜੀ ਵਿੱਚ ਬੇਰਹਿਮੀ ਨਾਲ ਛੱਡ ਦਿੱਤਾ ਗਿਆ। ਮਾਨਸਿਕ ਅਤੇ ਸਰੀਰਕ ਤੌਰ 'ਤੇ ਸੜਕ ਦੇ ਕਿਨਾਰਿਆਂ 'ਤੇ ਪਏ ਅੰਗਹੀਣ ਲੋਕ ਇਸ ਸੰਸਥਾ ਦੇ ਸਮਾਜ ਸੇਵੀਆਂ ਵੱਲੋਂ ਗੰਭੀਰ ਹਾਲਤਾਂ ਵਿੱਚ ਲਿਆਂਦੇ ਜਾਦੇ ਹਨ। ਸੰਸਥਾ ਇਨ੍ਹਾਂ ਦਾ ਇਲਾਜ ਅਤੇ ਦੇਖਭਾਲ ਕਰਦੀ ਹੈ ਆਸ਼ਰਮ ਮੁਫਤ ਸੇਵਾ ਕਰ ਰਿਹਾ ਹੈ। ਇਥੇ ਕੰਮ ਕਰਦੇ ਸਮਾਜ ਸੇਵੀ ਹੀ ਅਸਲੀ ਹਨ ਜੋ ਕਿ ਸਾਡੇ ਦੇਸ਼ ਦੇ ਨਾਇਕ ਹਨ ਅਤੇ ਦਿਨ ਰਾਤ ਬੇਸਹਾਰਾ ਲੋਕਾਂ ਲਈ ਨਿਰਸਵਾਰਥ ਕੰਮ ਕਰਦੇ ਹਨ। ਅਸੀਂ ਉਨ੍ਹਾਂ ਨੂੰ ਸਲਾਮ ਕਰਦੇ ਹਾਂ। ਇਸ ਮੌਕੇ ਪ੍ਰਿੰਸੀਪਲ ਪ੍ਰੋ.ਡਾ ਤਨਵੀਰ ਸਚਦੇਵ ਨੇ ਕਾਲਜ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਹਮਦਰਦੀ ਦੀ ਭਾਵਨਾ ਪੈਦਾ ਕਰਨ ਲਈ ਰੈਂਡ ਕਰਾਸ ਸੁਸਾਇਟੀ ਅਤੇ ਵਿਦਿਆਰਥੀ ਵਾਲੰਟੀਅਰਾਂ ਵਿੱਚ ਸਮਝ ਦੇ ਜਜਬੇ ਲਈ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਲਈ ਪ੍ਰੇਰਿਤ ਕੀਤਾ।

# ਵੱਖ-ਵੱਖ ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ ਕੀਤਾ

**ਸਹੀਦ ਭਗਤ ਸਿੰਘ ਨਗਰ 29 ਅਪ੍ਰੈਲ** - ਉਨ੍ਹਾਂ ਸਰਕਾਰੀ ਹਾਈ ਸਕੂਲ ਜੱਸੋ ਮਜਾਰਾ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਜੱਸੋ ਮਜਾਰਾ ਅਤੇ ਆਂਗਣਵਾੜੀ ਸੈਂਟਰ-1, ਆਂਗਣਵਾੜੀ ਸੈਂਟਰ 2 ਅਤੇ ਆਂਗਣਵਾੜੀ ਸੈਂਟਰ 3 ਦੀ ਚੈਕਿੰਗ ਕੀਤੀ।ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਸਕੂਲਾਂ ਵਿੱਚ ਮਿਡ-ਡੇ-ਮੀਲ ਫੂਡ ਸਵਾਦ ਰਜਿਸਟਰ ਨੂੰ ਕਾਇਮ ਰੱਖਣ, ਬੱਚਿਆਂ ਨੂੰ ਸਾਫ਼-ਸੁਥਰਾ ਭੋਜਨ ਮੁਹੱਈਆ ਕਰਵਾਉਣ ਅਤੇ ਖਾਣਾ ਬਣਾਉਣ ਅਤੇ ਪਰੋਸਣ ਸਮੇਂ ਸਾਫ਼-ਸਫ਼ਾਈ ਦਾ ਧਿਆਨ ਰੱਖਣ ਦੀਆਂ ਹਦਾਇਤਾਂ ਦਿੱਤੀਆਂ। ਕਮਿਸ਼ਨ ਮੈਂਬਰ ਨੇ ਸਕੂਲ ਦੇ ਵਿਦਿਆਰਥੀਆਂ ਨਾਲ ਮਿਡ-ਡੇ-ਮੀਲ ਬਾਰੇ ਗੱਲਬਾਤ ਕੀਤੀ ਅਤੇ ਸਕੂਲ ਵਿੱਚ ਤਿਆਰ ਕੀਤਾ ਗਿਆ ਮਿਡ-ਡੇ-ਮੀਲ ਅਤੇ ਆਂਗਣਵਾੜੀ ਵਿੱਚ ਵੰਡੀ ਗਈ ਪੰਜੀਰੀ ਖਾ ਕੇ ਇਸ ਦੀ ਪਰਖ ਕੀਤੀ। ਕਮਿਸ਼ਨ ਮੈਂਬਰ ਵੱਲੋਂ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ ਵੀ ਚੈੱਕ ਕੀਤਾ ਗਿਆ। ਮੈਂਬਰ ਵੱਲੋਂ ਹਦਾਇਤਾਂ ਦਿੱਤੀਆਂ ਗਈਆਂ ਕਿ ਜਿਨ੍ਹਾਂ ਸਕੂਲਾਂ ਵਿੱਚ ਆਰ.ਓ ਮਸ਼ੀਨਾਂ ਨਹੀਂ ਹਨ, ਉਨ੍ਹਾਂ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ ਅਤੇ ਪਾਣੀ ਦੀ ਗੁਣਵੱਤਾ ਦੀ ਸਮੇਂ-ਸਮੇਂ 'ਤੇ ਜਾਂਚ ਕੀਤੀ ਜਾਵੇ।ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਕਿਹਾ ਕਿ ਆਂਗਣਵਾੜੀ ਕੇਂਦਰਾਂ ਦੇ ਜ਼ਿਆਦਾਤਰ ਇੰਚਾਰਜ ਅਤੇ ਹੈਲਪਰਾਂ ਨੂੰ ਸਰਕਾਰ ਦੀਆਂ ਨਵੀਨਤਮ ਸਕੀਮਾਂ ਦੀ ਜਾਣਕਾਰੀ ਨਹੀਂ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ, ਇਸ ਲਈ ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਸਿਖਲਾਈ ਵੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਦਿਖਾ ਸਕਣ। ਲਾਭਪਾਤਰੀਆਂ ਨੂੰ ਸਹੀ ਦਿਸ਼ਾ।ਕਮਿਸ਼ਨ ਦੇ ਮੈਂਬਰ ਨੇ ਸਕੂਲਾਂ ਵਿੱਚ ਪੰਜਾਬ ਰਾਜ ਖੁਰਾਕ ਕਮਿਸ਼ਨ ਦਾ ਹੈਲਪਲਾਈਨ ਨੰਬਰ ਲਗਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵੀ ਲਾਭਪਾਤਰੀ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਦੀਆਂ ਸਕੀਮਾਂ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਕਮਿਸ਼ਨ ਦੇ ਹੈਲਪ ਲਾਈਨ ਨੰਬਰ 9876764545 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਕਮਿਸ਼ਨ ਨੇ ਹਰ 6 ਮਹੀਨੇ ਬਾਅਦ ਸਕੂਲੀ ਵਿਦਿਆਰਥੀਆਂ ਦੀ ਸਿਹਤ ਜਾਂਚ ਕਰਵਾਉਣ ਦੇ ਨਿਰਦੇਸ਼ ਦਿੱਤੇ ਅਤੇ ਮਿਡ ਡੇ ਮੀਲ ਵਰਕਰਾਂ ਦਾ ਮੈਡੀਕਲ ਚੈਕਅੱਪ ਕਰਨ ਦੇ ਵੀ ਨਿਰਦੇਸ਼ ਦਿੱਤੇ।

# ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਸ਼ਰਧਾਲੂਆਂ ਦਾ 36ਵਾਂ ਜੱਥਾ ਕਰਤਾਰਪੁਰ (ਪਾਕਿ:) ਵਿਖੇ ਅੱਜ (ਮਿਤੀ 30 ਅਪ੍ਰੈਲ) ਹੋਵੇਗਾ ਨਤਮਸਤਕ



ਸਹੀਦ ਭਗਤ ਸਿੰਘ ਨਗਰ 29 ਅਪ੍ਰੈਲ -ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵਲੋਂ ਕਰਤਾਰਪੁਰ ਸਾਹਿਬ (ਪਾਕਿ:) ਦੀ ਯਾਤਰਾ ਨੂੰ ਨਿਰੰਤਰ ਜਾਰੀ ਰੱਖਦੇ ਹੋਏ ਅੱਜ ਸ਼ਰਧਾਲੂਆਂ ਦਾ ਇਕ ਹੋਰ ਜੱਥਾ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ ਸ੍ਰੀ ਕਰਤਾਪੁਰ ਸਾਹਿਬ ਦੇ ਦਰਸ਼ਨਾਂ ਲਈ ਸਵੇਰੇ 04:00 ਵਜੇ ਸੁਸਾਇਟੀ ਦਫਤਰ ਤੋਂ ਰਵਾਨਾ ਹੋਵੇਗਾ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਸੁਸਾਇਟੀ ਵਲੋਂ ਯਾਤਰਾ ਲਈ ਸ਼ਰਧਾਲੂਆਂ ਦੀ ਬੁਕਿੰਗ ਤੋਂ ਲੈ ਕੇ ਵਾਪਸੀ ਤੱਕ ਦਾ ਸਮੁੱਚਾ ਪ੍ਰਬੰਧ ਕਰਨ ਨਾਲ ਸ਼ਰਧਾਲੂ ਹੁਣ ਕਾਫੀ ਰਾਹਤ ਮਹਿਸੂਸ ਕਰਦੇ ਹਨ। ਸ੍ਰੀ ਕਰਤਾਰਪੁਰ ਸਾਹਿਬ ਬਹੁਤ ਹੀ ਰਮਣੀਕ ਅਸਥਾਨ ਹੋਣ ਕਰਕੇ ਅਤੇ ਇਹ ਯਾਤਰਾ ਸੁਸਾਇਟੀ ਵਲੋਂ ਬਹੁਤ ਹੀ ਘੱਟ ਖਰਚੇ ਵਿਚ ਹੋਣ ਕਾਰਨ ਲੋਕ ਵਾਰ ਵਾਰ ਇਸ ਯਾਤਰਾ ਲਈ ਜਾਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ। ਪਿਛਲੇ ਦੋ ਸਾਲ ਦੇ ਸਮੇਂ ਦੌਰਾਨ ਹੁਣ ਤੱਕ 35 ਜੱਥੇ ਇਸ ਯਾਤਰਾ ਲਈ ਭੇਜੇ ਜਾ ਚੁੱਕੇ ਹਨ ਅਤੇ ਸ਼ਰਧਾਲੂਆਂ ਦਾ ਇਹ 36ਵਾਂ ਜੱਥਾ 35 ਮੈਂਬਰਾਂ ਦਾ ਹੋਵੇਗਾ। ਗੁਰਦੁਆਰਾ ਬਾਬਾ ਬਕਾਲਾ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਇਹ ਜੱਥਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਦਾਖਲ ਹੋਵੇਗਾ ਅਤੇ ਦਰਸ਼ਨ ਕਰਨ ਤੋਂ ਬਾਅਦ ਸੰਗਤਾਂ ਸ਼ਾਮ ਨੂੰ ਵਾਪਿਸ ਪਰਤ ਆਉਣਗੀਆਂ। ਉਨਾਂ ਦੱਸਿਆ ਕਿ ਸੋਸਾਇਟੀ ਵਲੋਂ ਇਸ ਤੋਂ ਅਗਲਾ ਜੱਥਾ 15 ਮਈ ਨੂੰ ਭੇਜਿਆ ਜਾਵੇਗਾ।ਇਸ ਮੌਕੇ ਉਨਾ ਨਾਲ ਦੀਦਾਰ ਸਿੰਘ, ਕਮਲਜੀਤ ਸਿੰਘ ਸੈਣੀ, ਜਗਦੀਪ ਸਿੰਘ, ਜਗਜੀਤ ਸਿੰਘ ਸੈਣੀ, ਪਰਮਿੰਦਰ ਸਿੰਘ, ਸਿਮਰਨਪ੍ਰੀਤ ਸਿੰਘ, ਕੁਲਜੀਤ ਸਿੰਘ ਖਾਲਸਾ, ਰਣਵੀਰ ਸਿੰਘ, ਹਰਮਿੰਦਰ ਸਿੰਘ, ਅਭੀਜੀਤ ਸਿੰਘ, ਸੰਦੀਪ ਕੌਰ ਅਤੇ ਹੋਰ ਮੈਂਬਰ ਵੀ ਮੌਜੂਦ ਸਨ।

## ਐਮਿਟੀ ਯੂਨੀਵਰਸਿਟੀ ਪੰਜਾਬ ਅੰਤਰਰਾਸ਼ਟਰੀਕਰਨ 'ਤੇ ਗਿਆਨਵਾਨ ਓਪਨ ਹਾਊਸ ਦੀ ਮੇਜ਼ਬਾਨੀ ਕਰਦੀ ਹੈ




ਮੋਹਾਲੀ: ਐਮਿਟੀ ਯੂਨੀਵਰਸਿਟੀ ਪੰਜਾਬ ਨੇ ਅੰਤਰਰਾਸ਼ਟਰੀਕਰਨ 'ਤੇ ਕੇਂਦ੍ਰਿਤ ਇੱਕ ਗਿਆਨ ਭਰਪੂਰ ਓਪਨ ਹਾਊਸ ਦੀ ਮੇਜ਼ਬਾਨੀ ਕੀਤੀ, ਜੋ ਸੰਸਥਾ ਦੇ ਰਣਨੀਤਕ ਵਿਕਾਸ ਦਾ ਆਧਾਰ ਹੈ। ਸੰਸਥਾਪਕ ਪ੍ਰਧਾਨ, ਡਾ. ਅਸ਼ੋਕ ਚੌਹਾਨ, ਅਤੇ ਮਾਨਯੋਗ ਚਾਂਸਲਰ, ਡਾ. ਅਤੁਲ ਚੌਹਾਨ ਦੀ ਦੂਰਅੰਦੇਸ਼ੀ ਅਗਵਾਈ ਦੇ ਮਾਰਗਦਰਸ਼ਨ ਵਿੱਚ, ਇਸ ਸਮਾਗਮ ਨੇ ਆਪਣੇ ਵਿਦਿਆਰਥੀਆਂ ਨੂੰ ਬੇਮਿਸਾਲ ਅੰਤਰਰਾਸ਼ਟਰੀ ਐਕਸਪੋਜਰ ਪ੍ਰਦਾਨ ਕਰਨ ਲਈ ਐਮਿਟੀ ਪੰਜਾਬ ਦੀ ਵਚਨਬੱਧਤਾ ਨੂੰ ਪ੍ਰਦਰਸ਼ਿਤ ਕੀਤਾ। ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ, ਐਮਿਟੀ ਪੰਜਾਬ ਆਪਣੇ ਵਿਦਿਆਰਥੀਆਂ ਨੂੰ ਬੇਮਿਸਾਲ ਗਲੋਬਲ ਮੌਕੇ ਪ੍ਰਦਾਨ ਕਰਨ ਵਿੱਚ ਮੋਹਰੀ ਰਿਹਾ ਹੈ। 2020 ਦੀ ਰਾਸ਼ਟਰੀ ਸਿੱਖਿਆ ਨੀਤੀ ਅੰਤਰਰਾਸ਼ਟਰੀਕਰਨ ਦੇ ਮਹੱਤਵਪੂਰਨ ਮਹੱਤਵ ਨੂੰ ਉਜਾਗਰ ਕਰਦੀ ਹੈ, ਇੱਕ ਆਦੇਸ਼ ਜਿਸ ਨੂੰ ਐਮਿਟੀ ਪੰਜਾਬ ਇਸ ਡੋਮੇਨ ਵਿੱਚ ਆਪਣੀ ਲੀਡਰਸ਼ਿਪ ਨੂੰ ਕਾਇਮ ਰੱਖਣ ਲਈ ਪੂਰਾ ਕਰਨ ਲਈ ਸਮਰਪਿਤ ਹੈ। ਸੰਸਥਾ ਦੀਆਂ ਨਾਮਵਰ ਸ਼ਖਸੀਅਤਾਂ, ਜਿਸ ਵਿੱਚ ਐਮੀਟੀ ਯੂਨੀਵਰਸਿਟੀਆਂ ਦੇ ਸਮੂਹ ਵਾਈਸ ਚਾਂਸਲਰ, ਐਮਿਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਡਾਇਰੈਕਟਰ ਜਨਰਲ ਅਤੇ ਗਲੋਬਲ ਫਾਊਂਡੇਸ਼ਨ ਫਾਰ ਲਰਨਿੰਗ ਐਕਸੀਲੈਂਸ ਦੇ ਵਾਈਸ ਚੇਅਰਮੈਨ ਪ੍ਰੋ. (ਡਾ.) ਗੁਰਿੰਦਰ ਸਿੰਘ ਸ਼ਾਮਲ ਸਨ, ਇਸ ਸਮਾਗਮ ਵਿੱਚ ਸ਼ਾਮਲ ਹੋਏ। ਐਮਿਟੀ ਇੰਟਰਨੈਸ਼ਨਲ ਬਿਜ਼ਨਸ ਸਕੂਲ ਅਤੇ ਇੰਟਰਨੈਸ਼ਨਲ ਡਿਪਾਰਟਮੈਂਟ ਦੇ ਪ੍ਰੋਗਰਾਮ ਡਾਇਰੈਕਟਰ ਡਾ. ਮੇਘਨਾ ਸ਼ਰਮਾ ਦੇ ਨਾਲ-ਨਾਲ ਇੰਟਰਨੈਸ਼ਨਲ ਰਿਲੇਸ਼ਨਜ਼ ਦੇ ਸੀਨੀਅਰ ਮੈਨੇਜਰ ਪ੍ਰਤੀਕ ਡੇਕਾ ਅਤੇ ਇੰਟਰਨੈਸ਼ਨਲ ਅਫੇਅਰਜ਼ ਡਿਵੀਜ਼ਨ ਦੀ ਮੈਨੇਜਰ ਅਦਿਤੀ ਜੁਨੇਜਾ ਵੀ ਮੌਜੂਦ ਸਨ। ਉਨ੍ਹਾਂ ਦੀ ਸੂਝ ਨੇ ਵਿਚਾਰ-ਵਟਾਂਦਰੇ ਵਿੱਚ ਅਨਮੋਲ ਡੂੰਘਾਈ ਸ਼ਾਮਲ ਕੀਤੀ।

ਸੈਸ਼ਨ ਵਿੱਚ ਟ੍ਰਾਈ-ਸਿਟੀ ਦੇ ਮਾਣਯੋਗ ਸਕੂਲਾਂ ਨੇ ਭਾਗ ਲਿਆ, ਅਤੇ ਸਾਰੇ ਨਵੇਂ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪ੍ਰੋਗਰਾਮਾਂ ਅਤੇ ਗਲੋਬਲ ਐਕਸਪੋਜਰ ਦੇ ਲਾਭਾਂ ਬਾਰੇ ਜਾਣੂ ਕਰਵਾਇਆ ਗਿਆ। ਐਮਿਟੀ ਵਿੱਚ ਅੰਤਰਰਾਸ਼ਟਰੀਕਰਨ ਨੂੰ ਸਮਝਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਵਿਦਿਆਰਥੀਆਂ ਅਤੇ ਫੈਕਲਟੀ ਦੇ ਨਾਲ ਸੈਸ਼ਨ ਵੀ ਆਯੋਜਿਤ ਕੀਤੇ ਗਏ ਸਨ, ਜਿਸ ਵਿੱਚ ਐਮਿਟੀ ਗਰੁੱਪ ਦੁਆਰਾ ਕੀਤੇ ਗਏ ਵੱਖ-ਵੱਖ ਪਹੁੰਚਾਂ, ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਸ਼ਾਮਲ ਹਨ।

# ਸਵੀਪ ਗਤੀਵਿਧੀਆਂ ਅਧੀਨ ਕੰਨਿਆਂ ਸਕੂਲ ਨੌਰਾ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ

ਸਹੀਦ ਭਗਤ ਸਿੰਘ ਨਗਰ 29 ਅਪ੍ਰੈਲ -ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ-ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਨੌਰਾ ਵਿਖੇ ਉੱਪ ਜਿਲ੍ਹਾ ਸਿੱਖਿਆ ਅਫਸਰ ਰਾਜੇਸ਼ ਕੁਮਾਰ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਅਧੀਨ ਨੌਜਵਾਨ ਵੋਟਰਾਂ ਲਈ ਵੋਟਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ, ਬੀ. ਐਲ. ਐਮ.ਗਰਲਜ ਕਾਲਜ ਨਵਾਂ ਸ਼ਹਿਰ ਤੋ ਰਾਜਨੀਤੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਦੁਆਰਾ ਮੁੱਖ ਬੁਲਾਰਿਆਂ ਦੇ ਰੂਪ ਵਿੱਚ ਸ਼ਿਰਕਤ ਕੀਤੀ ਗਈ। ਉਹਨਾਂ ਦੁਆਰਾ ਈ ਟੀ ਟੀ ਕਰ ਰਹੇ ਵਿਦਿਆਰਥੀਆਂ ਨੂੰ ਵੋਟਾਂ ਬਾਰੇ ਜਾਗਰੂਕ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ ਗਏ। ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ ਦੁਆਰਾ ਵਿਦਿਆਰਥੀਆਂ ਨੂੰ ਆਪਣੀ ਵੋਟ ਬਣਵਾਉਣਾ ਲਾਜ਼ਮੀ ਕਰਾਰ ਦੇਣ ਦੇ ਨਾਲ -ਨਾਲ ਉਹਨਾਂ ਨੂੰ ਆਪਣੀ ਵੋਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਭਵਿੱਖ ਵਿੱਚ ਨੌਜਵਾਨ ਹੀ ਹਨ ਜੋ ਦੇਸ਼ ਦੇ ਲੋਕਤੰਤਰ ਨੂੰ ਬਰਕਰਾਰ ਰੱਖ ਸਕਦੇ ਹਨ। ਉਨ੍ਹਾਂ






ਕਿਹਾ ਕਿ ਜਿਹੜੇ ਵਿਦਿਆਰਥੀਆਂ ਦੀ ਉਮਰ ਪਹਿਲੀ ਅਪ੍ਰੈਲ 2024 ਨੂੰ 18 ਸਾਲ ਹੋ ਚੁੱਕੀ ਹੈ, ਉਹ ਆਪਣੀ ਵੋਟ ਆਨਲਾਈਨ ਮਾਧਿਅਮ ਦੁਆਰਾ ਵੀ ਬਣਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਵਿਦਿਆਰਥੀ ਆਪਣੇ ਪਿੰਡਾਂ ਵਿੱਚ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੋਟ ਬਣਵਾਉਣ ਅਤੇ ਹਰ ਇੱਕ ਵਿਅਕਤੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨ ਲਈ ਕਹਿਣ ਅਤੇ ਚੋਣ ਕਮਿਸ਼ਨ ਦੇ ਸਲੋਗਨ ਇਸ ਬਾਰ ਸੱਤਰ ਪਾਰ ਦੇ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਵੋਟਿੰਗ ਟਰਨ ਆਊਟ ਨੂੰ ਪਝੱਤਰ ਫੀਸਦੀ ਦੇ ਪਾਰ ਕਰਨ ਵਿੱਚ ਸਹਿਯੋਗ ਕਰਨ। ਸਵੀਪ ਟੀਮ ਦੇ ਮੈਂਬਰ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਧਰਮ ,ਜਾਤ ਅਤੇ ਨਸਲ ਤੋਂ ਉੱਪਰ ਉੱਠ ਕੇ ਵੋਟ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਨੇ ਬੂਥ ਪੱਧਰ ਤੇ ਮਿਲਣ ਵਾਲ਼ੀਆਂ ਸਹੂਲਤਾਂ ਤੇ ਚਾਨਣਾ ਪਾਇਆ ਜਿਵੇਂ ਕੇ ਵਿਕਲਾਂਗ ਵੋਟਰਾਂ ਲਈ ਵੀਲ੍ਹ ਚੇਅਰ, ਰੈਂਪ, ਬਰੇਲ ਲਿੱਪੀ, ਪਿੱਕ ਐਂਡ ਡਰਾਪ ਸੁਵਿਧਾ, ਬੱਚਿਆਂ ਵਾਸਤੇ ਕਰੈੱਚ ਆਦਿ।ਇਸ ਮੌਕੇ ਹਾਜ਼ਰ ਵਿਦਿਆਰਥੀਆਂ ਅਤੇ ਸਟਾਫ ਮੈਂਬਰਜ਼ ਨੂੰ ਵੋਟਰ ਪ੍ਰਣ ਦਵਾਇਆ ਗਿਆ। ਇਸ ਮੌਕੇ ਹਾਜ਼ਰ ਸਟੇਟ ਟ੍ਰੇਨਰ ਰਾਜਵਿੰਦਰ ਸਿੰਘ ਬਾਹਰਾ ਦੁਆਰਾ ਆਏ ਹੋਏ ਮੁੱਖ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਕਿਹਾ ਕਿ ਇਸ ਵਾਰ ਚੋਣਾਂ ਦਾ ਪਰਵ-ਦੇਸ਼ ਦਾ ਗਰਵ ਲੋਕ ਸਭਾ ਚੋਣਾਂ ਵਿੱਚ ਆਓ ਅਸੀਂ ਸਾਰੇ ਆਪਣਾ ਬਣਦਾ ਯੋਗਦਾਨ ਪਾਈਏ। ਇਸ ਮੌਕੇ ਪ੍ਰਿੰਸੀਪਲ ਰਣਜੀਤ ਕੌਰ, ਜਤਿੰਦਰ ਸਿੰਘ ਪਾਬਲਾ, ਜਸਵੀਰ ਚੰਦ, ਸ਼ਿਵ ਚਰਨ ਆਦਿ ਹਾਜ਼ਰ ਸਨ।

# 10ਵੀਂ ਦੇ ਨਤੀਜੇ ਵਿਚ ਵਧੀਆ ਅੰਕ ਪ੍ਰਾਪਤ ਕਰਨ ਤੇ ਵਿਦਿਆਰਥਾਂ ਦਾ ਸਕੂਲ ਵਲੋਂ ਕੀਤਾ ਸਨਮਾਨ

ਖਰੜ,29 ਅਪ੍ਰੈਲ,ਲੋਕ ਬਾਣੀ (ਕਾਲਾ ਸਿੰਘ ਸੈਣੀ):- ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪਿਛਲੇ ਦਿਨੀ ਐਲਾਨੇ ਗਈ 10ਵੀਂ ਦੇ ਨਤੀਜ਼ੇ ਵਿਚ ਬੀ.ਐਸ.ਐਮ.ਸਿੱਖ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖਰੜ ਦੀਆਂ ਵਿਦਿਆਰਥਣਾਂ ਵਲੋਂ ਵਧੀਆਂ ਅੰਕ ਪ੍ਰਾਪਤ ਕਰਨ ਤੇ ਵਿਦਿਆਰਥਣਾਂ ਦਾ ਸਕੂਲ ਵਲੋਂ ਸਨਮਾਨ ਕੀਤਾ ਗਿਆ ਹੈ। ਇਸ ਸਬੰਧੀ ਸਕੂਲ ਪ੍ਰਿੰਸੀਪਲ ਮਨਜੀਤ ਕੌਰ ਨੇ ਦਸਿਆ ਕਿ ਸਕੂਲ ਦੀ ਵਿਦਿਆਰਥਣ ਜਸਪ੍ਰੀਤ ਕੌਰ, ਕਰਮਜੀਤ ਕੌਰ, ਹਰਕੀਰਤ ਕੌਰ, ਦਾ ਵਿਸੇਸ ਤੌਰ ਤੇ ਸਨਮਾਨ ਕੀਤਾ ਗਿਆ। ਉਨ੍ਹਾਂ ਦਸਿਆ ਕਿ ਸਕੂਲ ਦੀ 10ਵੀਂ ਕਲਾਸ ਦਾ ਨਤੀਜ਼ਾ 100 ਫੀਸਦੀ ਰਿਹਾ ਹੈ। ਇਸ ਮੌਕੇ ਸਕੂਲ ਅਧਿਆਪਕਾ ਰਾਜਦੀਪ ਕੌਰ, ਹਰਸਿਮਰਨ ਕੌਰ, ਡਿੰਪਲ, ਨੀਤੂ ਗੋਇਲ, ਰਸ਼ਪਿੰਦਰ ਕੌਰ, ਮਨਪ੍ਰੀਤ ਕੌਰ, ਰਨਜੀਤ ਕੌਰ, ਦਿਮਪਲ ਕੁਮਾਰੀ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।





publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

Website : www.lokbani.com
lokbani08@gmail.com

# ਡੈਮੋਕਰੇਟਿਕ ਟੀਚਰ ਫਰੰਟ ਪੰਜਾਬ ਜਿਲਾ ਗੁਰਦਾਸਪੁਰ ਦੇ ਜਥੇਬੰਦਕ ਚੋਣ ਦਾ ਹੋਇਆ ਇਜਲਾਸ




ਗੁਰਦਾਸਪੁਰ-ਨਵਨੀਤ ਕੁਮਾਰ - ਡੈਮੋਕਰੇਟਿਕ ਟੀਚਰ ਫਰੰਟ ਪੰਜਾਬ ਜਿਲਾ ਗੁਰਦਾਸਪੁਰ ਦਾ ਜਥੇਬੰਦਕ ਚੋਣ ਇਜਲਾਸ ਰਾਮ ਸਿੰਘ ਦੱਤ ਹਾਲ ਵਿਖੇ ਹੋਇਆ ਜਿਸ ਦੀ ਪ੍ਰਧਾਨਗੀ ਹਰਜਿੰਦਰ ਸਿੰਘ ਵਡਾਲਾ ਬਾਂਗਰ ,ਅਮਰਜੀਤ ਸ਼ਾਸਤਰੀ, ਸਾਬਕਾ ਜਿਲਾ ਸਿੱਖਿਆ ਅਫ਼ਸਰ ਹਰਦੀਪ ਸਿੰਘ ,ਜੋਗਿੰਦਰ ਪਾਲ ਇਫਟੂ ਆਗੂ ,ਅਨੇਕ ਚੰਦ ਪਾਹੜਾ ਨੇਕੀਤੀ। ਇਸ ਇਜਲਾਸ ਵਿੱਚ ਬਤੌਰ ਅਬਜਰਵਰ ਡੈਮੋਕਰੇਟਿਕ ਟੀਚਰ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਪਹੁੰਚੇ। ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਨੇ ਕੌਮੀ ਸਿੱਖਿਆ ਨੀਤੀ 2020 ਤੇ ਚਰਚਾ ਕਰਦੇ ਹੋਏ ਕਿਹਾ ਇਹ ਨੀਤੀ ਅਮਲੀ ਤੌਰ ਤੇ ਸਿੱਖਿਆ ਵਿਰੋਧੀ ਹੈ ।ਇਹ ਸਿੱਖਿਆ ਨੀਤੀ ਵਿਤਕਰੇ ਵਾਲੀ ਅਤੇ ਦਲਿੱਤ ਵਿਰੋਧੀ ਦੇ ਨਾਲ ਨਾਲ ਰੁਜ਼ਗਾਰ ਖਤਮ ਕਰਨ ਵਾਲੀ ਹੈ । ਹਰਜਿੰਦਰ ਸਿੰਘ ਵਡਾਲਾ ਬਾਂਗਰ ਨੇ ਆਉਣ ਵਾਲੇ ਸਮੇਂ ਵਿੱਚ ਅਧਿਆਪਕ ਮੰਗਾਂ ਲਈ ਕੀਤੇ ਜਾਣ ਵਾਲੇ ਸੰਘਰਸ਼ ਲਈ ਲਾਮਬੰਦ ਹੋਣ ਲ਼ਈ ਤਿਆਰ ਰਹਿਣ ਲਈ ਕਿਹਾ । ਗੁਰਦਿਆਲ ਚੰਦ ਵੱਲੋਂ ਜਥੇਬੰਦੀ ਦੀ ਸੰਘਰਸੀ ਰਿਪੋਰਟ ਪੜੀ ਗਈ ।ਅਧਿਆਪਕ ਦਲ ਆਗੂ ਤਰਸੇਮ ਪਾਲ, ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਅਮਰ ਕ੍ਰਾਂਤੀ, ਇਫਟੂ ਦੇ ਜੋਗਿੰਦਰ ਪਾਲ ਘੁਰਾਲਾ, ਬਲਵਿੰਦਰ ਕੌਰ ਅਲੀ ਸ਼ੇਰ, ਵੱਲੋਂ ਭਰਾਤਰੀ ਸੰਦੇਸ਼ ਦਿੱਤਾ ਗਿਆ ।ਇਸ ਮੌਕੇ ਜਿਲਾ ਹੁਸ਼ਿਆਰਪੁਰ ਡੀ ਟੀ ਐਫ ਦੇ ਇੰਦਰ ਸੁਖਬੀਰ ਸਿੰਘ ਜਨਰਲ ਸਕੱਤਰ ਵਿਸ਼ੇਸ਼ ਤੌਰ ਤੇ ਪਹੁੰਚੇ । ਇਸ ਤੋਂ ਬਾਅਦ ਡਾ ਸਤਿੰਦਰ ਸਿੰਘ ਵੱਲੋਂ ਜਿਲਾ ਟੀਮ ਲਈ ਪੈਨਲ ਪੇਸ ਕੀਤਾ ਗਿਆ ਜਿਸ ਨੂੰ ਜਿਲਾ ਡੈਲੀਗੇਟਜ ਵੱਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ।ਜਿਸ ਅਨੁਸਾਰ ਹਰਜਿੰਦਰ ਸਿੰਘ ਵਡਾਲਾ ਬਾਂਗਰ ਜਿਲਾ ਪ੍ਰਧਾਨ ਗੁਰਦਿਆਲ ਚੰਦ ਜਨਰਲ ਸਕੱਤਰ ਅਮਰਜੀਤ ਸਿੰਘ ਵਿੱਤ ਸਕੱਤਰ ਉਪਕਾਰ ਸਿੰਘ ਵਡਾਲਾ ਬਾਂਗਰ ਸੀਨੀਅਰ ਮੀਤ ਪ੍ਰਧਾਨ ਡਾ ਸਤਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਜਾਮੀਤ ਰਾਜ ਮੀਤ ਪ੍ਰਧਾਨ ਜਸਕਿਰਨ ਕੌਰ ਮੀਤ ਪ੍ਰਧਾਨ ਬਲਵਿੰਦਰ ਕੌਰ ਸੰਯੁਕਤ ਸਕੱਤਰ ਸੁਖਜਿੰਦਰ ਸਿੰਘ ਸੰਯੁਕਤ ਸਕੱਤਰ ਵਰਗਿਸ ਸਲਾਮਤ ਪ੍ਰੈਸ ਸਕੱਤਰ ਹਰਦੀਪਰਾਜ ਸਹਾਇਕ ਪ੍ਰੈਸ ਸਕੱਤਰ ਸਤਨਾਮ ਸਿੰਘ ਸਹਾਇਕ ਵਿੱਤ ਸਕੱਤਰ ਸਤਬੀਰ ਸਿੰਘ ਭੰਡਾਲ ਜਥੇਬੰਦਕ ਸਕੱਤਰ ਕੁਲਰਾਜ ਸਿੰਘ ਪ੍ਰਚਾਰ ਸਕੱਤਰ ਇਸ ਤੋਂ ਇਲਾਵਾ ਰਤਨ ਸਿੰਘ,ਜਸਪਾਲ ਸਿੰਘ, ਪ੍ਰਿਤਪਾਲ ਸਿੰਘ,ਰੇਖਾ ਰਾਣੀ,ਸਰਬਜੀਤ ਕੌਰ,ਉਂਕਾਰ ਸਿੰਘ ,ਡਾ ਸਰਦੂਲ ਸਿੰਘ,ਰਮਨ ਮਹਾਜਨ ਜਿਲਾ ਕਮੇਟੀ ਮੈਂਬਰ ਚੁਣੇ ਗਏ।ਪਰਮਿੰਦਰ ਕੌਰ ਸਪੈਸਲ ਇਨਵਾਈਟੀ ਮੈਂਬਰ ਵਜੋਂ ਚੋਣ ਹੋਈ। ਮੰਚ ਸੰਚਾਲਕ ਦੀ ਜਿੰਮੇਵਾਰੀ ਉਪਕਾਰ ਸਿੰਘ ਬਾਖੂਬੀ ਨਿਭਾਈ .

# ਸਵੀਪ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਜੋੜੀਆਂ ਕਲਾਂ ਡੇਰਾ ਬਾਬਾ ਨਾਨਕ ਵਿਖੇ ਘੱਟ ਵੋਟ ਪ੍ਰਤੀਸ਼ਤ ਵਾਲੇ ਬੂਥ ਤੇ ਸਵੀਪ ਗਤੀਵਿਧੀਆਂ ਦੁਆਰਾ ਵੋਟਰਾਂ ਨੂੰ ਜਾਗਰੂਕ ਕੀਤਾ ਗਿਆ




ਗੁਰਦਾਸਪੁਰ-ਨਵਨੀਤ ਕੁਮਾਰ - ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਵਿਸ਼ੇਸ਼ ਸਾਰੰਗਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ-ਕਮ-ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਰਾਜੇਸ਼ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਜੋੜੀਆਂ ਕਲਾਂ ਹਲਕਾ ਡੇਰਾ ਬਾਬਾ ਨਾਨਕ ਦੇ ਘੱਟ ਵੋਟ ਪ੍ਰਤੀਸ਼ਤ ਵਾਲੇ ਬੂਥ ਵਿਖੇ ਸਵੀਪ ਟੀਮ ਵੱਲੋਂ ਵੋਟਰਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ-ਕਮ-ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਸਵੀਪ ਟੀਮ ਵੱਲੋਂ▾ਇਸ ਵਾਰ ਸੱਤਰ ਪਾਰ ' ਤਹਿਤ ਵੱਖ-ਵੱਖ ਪਿੰਡਾਂ, ਮੁਹੱਲਿਆਂ ਅਤੇ ਸਕੂਲਾਂ ਵਿੱਚ ਜਾ ਕੇ ਸਵੀਪ ਗਤੀਵਿਧੀਆਂ ਦੁਆਰਾ ਆਮ ਨਾਗਰਿਕਾਂ ਨੂੰ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਪ੍ਰਤੀ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਇਸੇ ਲੜੀ ਦੇ ਤਹਿਤ ਅੱਜ ਜ਼ਿਲ੍ਹਾ ਸਵੀਪ ਟੀਮ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਜੋੜੀਆਂ ਕਲਾਂ ਹਲਕਾ ਡੇਰਾ ਬਾਬਾ ਨਾਨਕ ਵਿਖੇ ਸਵੀਪ ਮੋਟੀਵੇਸ਼ਨਲ ਲੈਕਚਰ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਹਾਜ਼ਰ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਦੀ ਅਹਿਮੀਅਤ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਦਿੱਤੀ ਅਤੇ ਬਿਨਾਂ ਕਿਸੇ ਡਰ, ਭੈਅ ਤੇ ਲਾਲਚ ਤੋਂ ਵੋਟ ਦਾ ਅਧਿਕਾਰ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ।

ਇਸ ਦੌਰਾਨ ਲੈਕਚਰਾਰ ਸ. ਗੁਰਮੀਤ ਸਿੰਘ ਭੋਮਾ ਵੱਲੋਂ ਵੋਟਰ ਪ੍ਰਣ ਕਰਵਾਇਆ ਗਿਆ। ਇਸ ਮੌਕੇ ਜ਼ਿਲ੍ਹਾ ਸਵੀਪ ਟੀਮ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

# ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਵਿਸ਼ੇਸ਼ ਸਾਰੰਗਲ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨਾਲ ਸਾਂਝੀ ਮੀਟਿੰਗ

## ਪੂਰੀ ਤਰ੍ਹਾਂ ਨਿਰਪੱਖ, ਸ਼ਾਂਤਮਈ ਅਤੇ ਆਜ਼ਾਦਾਨਾ ਮਹੌਲ ਵਿੱਚ ਸਮੁੱਚੇ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਦਿੱਤੀਆਂ




ਗੁਰਦਾਸਪੁਰ-ਨਵਨੀਤ ਕੁਮਾਰ - ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਵਿਸ਼ੇਸ਼ ਸਾਰੰਗਲ ਵੱਲੋਂ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨਾਲ ਇੱਕ ਸਾਂਝੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਅਦਿੱਤਿਆ ਉੱਪਲ, ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ, ਐੱਸ.ਐੱਸ.ਪੀ. ਬਟਾਲਾ ਮੈਡਮ ਅਸ਼ਵਨੀ ਗੋਟਿਆਲ, ਸ. ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਪਠਾਨਕੋਟ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਸ੍ਰੀ ਸੁਭਾਸ਼ ਚੰਦਰ, ਐੱਸ.ਪੀ. ਪਠਾਨਕੋਟ ਸ. ਗੁਰਬਾਜ਼ ਸਿੰਘ ਤੋਂ ਇਲਾਵਾ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਸਮੂਹ ਏ.ਆਰ.ਓਜ਼ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਵਿਸ਼ੇਸ਼ ਸਾਰੰਗਲ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਲੋਕ ਸਭਾ ਹਲਕਾ ਗੁਰਦਾਸਪੁਰ ਵਿੱਚ ਪੂਰੀ ਤਰ੍ਹਾਂ ਨਿਰਪੱਖ, ਸ਼ਾਂਤਮਈ ਅਤੇ ਆਜ਼ਾਦਾਨਾ ਮਹੌਲ ਵਿੱਚ ਸਮੁੱਚੇ ਚੋਣ ਅਮਲ ਨੂੰ ਨੇਪਰੇ ਚਾੜ੍ਹਨ। ਮੀਟਿੰਗ ਦੌਰਾਨ ਚੋਣਾਂ ਦੇ ਨੋਟੀਫ਼ਿਕੇਸ਼ਨ ਸਬੰਧੀ ਇੰਤਜ਼ਾਮ, ਨਾਮੀਨੇਸ਼ਨ ਦੌਰਾਨ ਸੁਰੱਖਿਆ ਦੇ ਪ੍ਰਬੰਧਾਂ, ਨਵੀਆਂ ਬਣੀਆਂ ਵੋਟਾਂ ਦੇ ਵੋਟਰ ਸ਼ਨਾਖ਼ਤੀ ਕਾਰਡਾਂ ਦੀ ਵੰਡ, ਪੋਲਿੰਗ ਸਟੇਸ਼ਨਾਂ ਦੀ ਤਿਆਰੀ, ਈ.ਵੀ.ਐੱਮ. ਮਸ਼ੀਨਾਂ ਦੀ ਰੈਨਡੋਮਾਈਜ਼ੇਸ਼ਨ, ਪੋਲਿੰਗ ਸਟਾਫ਼ ਦੀ ਰੈਨਡੋਮਾਈਜ਼ੇਸ਼ਨ ਅਤੇ ਸਿਖਲਾਈ, ਸੀਨੀਅਰ ਸਿਟੀਜ਼ਨ ਅਤੇ ਦਿਵਿਆਂਗ ਵੋਟਰਾਂ ਲਈ ਪੋਸਟਲ ਬੈਲਟ ਪੇਪਰ, ਕਾਊਂਟਿੰਗ ਸੈਂਟਰਾਂ ਦੀ ਤਿਆਰੀ ਅਤੇ ਅਮਨ, ਕਾਨੂੰਨ ਵਿਵਸਥਾ ਬਾਰੇ ਵਿਚਾਰ ਚਰਚਾ ਕੀਤੀ ਗਈ। ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ 1 ਜੂਨ ਨੂੰ ਚੋਣਾਂ ਵਾਲੇ ਦਿਨ ਗਰਮੀ ਪੈਣ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਹਰ ਪੋਲਿੰਗ ਬੂਥ ਉੱਪਰ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਹਰ ਵਿਧਾਨ ਸਭਾ ਹਲਕੇ ਵਿੱਚ 5 ਮਾਡਲ ਪੋਲਿੰਗ ਸਟੇਸ਼ਨ ਬਣਾਏ ਜਾਣਗੇ ਜਿਨ੍ਹਾਂ ਦੀ ਜ਼ਿਲ੍ਹੇ ਵਿੱਚ ਕੁੱਲ ਗਿਣਤੀ 35 ਹੋਵੇਗੀ। ਇਸ ਤੋਂ ਇਲਾਵਾ ਹਰ ਵਿਧਾਨ ਸਭਾ ਹਲਕੇ ਵਿੱਚ ਇੱਕ ਪਿੰਕ ਪੋਲਿੰਗ ਸਟੇਸ਼ਨ ਬਣਾਇਆ ਜਾਵੇਗਾ ਜਿਸ ਵਿੱਚ ਚੋਣ ਸਟਾਫ਼ ਕੇਵਲ ਮਹਿਲਾਵਾਂ ਹੀ ਹੋਣਗੀਆਂ। ਉਨ੍ਹਾਂ ਦੱਸਿਆ ਕਿ ਹਰ ਪੋਲਿੰਗ ਸਟੇਸ਼ਨ ਉੱਪਰ ਵਲੰਟੀਅਰ ਤਾਇਨਾਤ ਕੀਤੇ ਜਾਣਗੇ ਜੋ ਬਜ਼ੁਰਗ ਅਤੇ ਦਿਵਿਆਂਗ ਵੋਟਰਾਂ ਦੀ ਸਹਾਇਤਾ ਕਰਨ ਦੇ ਨਾਲ ਪੋਲਿੰਗ ਸਟੇਸ਼ਨ ਉੱਪਰ ਲੱਗਣ ਵਾਲੀਆਂ ਲਾਈਨਾਂ ਨੂੰ ਮੈਨੇਜ ਕਰਨਗੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ 'ਇਸ ਵਾਰ 70 ਪਾਰ' ਦੇ ਟੀਚੇ ਨੂੰ ਪੂਰਾ ਕਰਦਿਆਂ ਜ਼ਿਲ੍ਹੇ ਵਿੱਚ ਵੋਟਰ ਪ੍ਰਤੀਸ਼ਤਤਾ ਵਧਾਈ ਜਾਵੇਗੀ। ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਜਿਹੜੇ ਵਿਅਕਤੀਆਂ ਨੇ ਅਜੇ ਤੱਕ ਵੀ ਆਪਣੇ ਲਾਇਸੰਸੀ ਹਥਿਆਰ ਜਮਾਂ ਨਹੀਂ ਕਰਵਾਏ ਉਹ ਤੁਰੰਤ ਜਮਾਂ ਕੀਤੇ ਜਾਣ। ਇਸ ਤੋਂ ਇਲਾਵਾ ਸ਼ਰਾਰਤੀ ਅਨਸਰਾਂ ਉੱਪਰ ਖ਼ਾਸ ਨਜ਼ਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਨਸ਼ਿਆਂ ਅਤੇ ਨਗਦੀ ਦੇ ਵਰਤਾਰੇ ਨੂੰ ਰੋਕਣ ਲਈ ਵਿਸ਼ੇਸ਼ ਚੌਕਸੀ ਵਰਤੀ ਜਾਵੇ। ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਵਿਸ਼ੇਸ਼ ਸਾਰੰਗਲ ਨੇ ਅੱਗੇ ਦੱਸਿਆ ਕਿ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਜ਼ਿਲ੍ਹਾ ਚੋਣ ਦਫ਼ਤਰ ਨੂੰ ਆਫ਼ ਲਾਈਨ 124 ਸ਼ਿਕਾਇਤਾਂ ਆਈਆਂ ਸਨ ਜਿਨ੍ਹਾਂ ਵਿਚੋਂ 122 ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਜਦਕਿ 2 ਉੱਪਰ ਕਾਰਵਾਈ ਜਾਰੀ ਹੈ। ਏਸੇ ਤਰਾਂ 1950 ਹੈਲਪ ਲਾਈਨ ਨੰਬਰ ਉੱਪਰ 29 ਸ਼ਿਕਾਇਤਾਂ ਆਈਆਂ ਹਨ ਜਿਨ੍ਹਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀ-ਵਿਜ਼ਲ ਐਪ ਉੱਪਰ 22 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਅਤੇ ਸਾਰੀਆਂ ਹੀ ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ।

# ਜ਼ਿਲ੍ਹਾ ਗੁਰਦਾਸਪੁਰ ਨੇ ਕਣਕ ਦੀ ਫ਼ਸਲ ਦੀ ਇੱਕ ਦਿਨ ਵਿੱਚ ਸਭ ਤੋਂ ਵੱਧ ਲਿਫ਼ਟਿੰਗ ਕਰਨ ਦਾ ਰਿਕਾਰਡ ਬਣਾਇਆ

## ਬੀਤੇ ਕੱਲ੍ਹ ਜ਼ਿਲ੍ਹੇ ਦੀਆਂ ਮੰਡੀਆਂ ਵਿਚੋਂ 29710 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ, ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 334139 ਮੀਟਰਿਕ ਟਨ ਕਣਕ ਖ਼ਰੀਦਣ ਦੇ ਨਾਲ ਕਿਸਾਨਾਂ ਨੂੰ 641.30 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ - ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ

**ਗੁਰਦਾਸਪੁਰ- ਨਵਨੀਤ ਕੁਮਾਰ** - ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਦੀਆਂ ਹਦਾਇਤਾਂ ਤਹਿਤ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ। ਖ਼ਰੀਦ ਏਜੰਸੀਆਂ ਵੱਲੋਂ ਜਿੱਥੇ ਕਿਸਾਨਾਂ ਦੀ ਫ਼ਸਲ ਨੂੰ ਬਿਨਾਂ ਕਿਸੇ ਦੇਰੀ ਖ਼ਰੀਦਿਆ ਜਾ ਰਿਹਾ ਹੈ ਓਥੇ ਖ਼ਰੀਦੀ ਗਈ ਕਣਕ ਦੀ ਮੰਡੀਆਂ ਵਿਚੋਂ ਲਿਫ਼ਟਿੰਗ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ। ਬੀਤੇ ਦਿਨ ਜ਼ਿਲ੍ਹਾ ਗੁਰਦਾਸਪੁਰ ਨੇ ਕਣਕ ਦੀ ਫ਼ਸਲ ਦੀ ਇੱਕ ਦਿਨ ਵਿੱਚ ਸਭ ਤੋਂ ਵੱਧ ਲਿਫ਼ਟਿੰਗ ਕਰਨ ਦਾ ਰਿਕਾਰਡ ਬਣਾਉਂਦਿਆਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਇੱਕ ਦਿਨ ਵਿੱਚ 29710 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਹੈ। ਪਿਛਲੇ ਸਾਲ ਇੱਕ ਦਿਨ ਵਿੱਚ ਵੱਧ ਤੋਂ ਵੱਧ 25914 ਮੀਟਰਿਕ ਟਨ ਲਿਫ਼ਟਿੰਗ ਕਰਨ ਦਾ ਰਿਕਾਰਡ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਵੇਚਣ ਸਮੇਂ ਕੋਈ ਮੁਸ਼ਕਿਲ ਨਾ ਆਵੇ। ਉਨ੍ਹਾਂ ਕਿਹਾ ਕਿ ਸਮੇਂ ਸਿਰ ਫ਼ਸਲ ਦੀ ਖ਼ਰੀਦ ਅਤੇ ਉਸਦੀ ਅਦਾਇਗੀ ਦੇ ਨਾਲ ਖ਼ਰੀਦੀ ਗਈ ਫ਼ਸਲ ਦੀ ਲਿਫ਼ਟਿੰਗ ਵੀ ਤੇਜ਼ੀ ਨਾਲ ਕੀਤੀ ਜਾ ਰਹੀ ਹੈ ਤਾਂ ਜੋ ਮੰਡੀਆਂ ਵਿੱਚ ਥਾਂ ਦੀ ਕਮੀ ਨਾ ਆਵੇ। ਕਣਕ ਦੀ ਖ਼ਰੀਦ ਸਬੰਧੀ ਜਾਣਕਾਰੀ



ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 361745 ਮੀਟਰਿਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿੱਚੋਂ 334139 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਏਜੰਸੀ ਵਾਈਜ਼ ਖ਼ਰੀਦ ਦਾ ਬਿਉਰਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗਰੇਨ ਨੇ 96493 ਮੀਟਰਿਕ ਟਨ, ਮਾਰਕਫੈੱਡ ਨੇ 80576 ਮੀਟਰਿਕ ਟਨ, ਪਨਸਪ ਨੇ 77304 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 66827 ਮੀਟਰਿਕ ਟਨ, ਐੱਫ਼.ਸੀ.ਆਈ. ਨੇ 8839 ਮੀਟਰਿਕ ਟਨ ਅਤੇ ਵਪਾਰੀਆਂ ਨੇ 4100 ਮੀਟਰਿਕ ਟਨ ਕਣਕ ਖ਼ਰੀਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ ਕਿਸਾਨਾਂ ਨੂੰ 641.30 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਣਕ ਦੀ ਫ਼ਸਲ ਦਾ ਇੱਕ-ਇੱਕ ਦਾਣਾ ਪੂਰੇ ਤੋਲ ਅਤੇ ਭਾਅ ਉੱਪਰ ਖ਼ਰੀਦਣ ਲਈ ਵਚਨਬੱਧ ਹੈ ਅਤੇ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ, ਅਦਾਇਗੀ ਅਤੇ ਲਿਫ਼ਟਿੰਗ ਏਵੇਂ ਹੀ ਜਾਰੀ ਰਹੇਗੀ।

# ਸਿਵਲ ਹਸਪਤਾਲ ਫਗਵਾੜਾ ਵਿਖੇ Accelerating the Fight AgainstMalaria for a more Equitable World ਤਹਿਤ ਵਿਸ਼ਵ ਮਲੇਰੀਆ ਦਿਵਸ 2024 ਮਨਾਇਆ

ਫਗਵਾੜਾ - ਸਿਵਲ ਸਰਜਨ ਕਪੂਰਥਲਾ ਡਾ ਲਹਿੰਬਰ ਰਾਮ ਦੇ ਹੁਕਮਾਂ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਫਗਵਾੜਾ ਡਾ ਰਾਜੇਸ਼ ਚੰਦਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਫਗਵਾੜਾ ਡਾ ਦਰਸ਼ਨ ਬੱਧਨ ਦੀ ਸੁਚੱਜੀ ਦੇਖਰੇਖ ਹੇਠ ਸਿਵਲ ਹਸਪਤਾਲ ਫਗਵਾੜਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ ਇਸ ਮੌਕੇ ਡਾ ਦਰਸ਼ਨ ਬੱਧਨ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨੋਫਲੀਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਹ ਮੱਛਰ ਗੰਦੇ ਪਾਣੀ ਤੇ ਪੈਂਦਾ ਹੁੰਦਾ ਹੈ ਜੋ ਰਾਤ ਵੇਲੇ ਕੱਟਦਾ ਹੈ ਠੰਡ ਲੱਗ ਕੇ ਕਾਂਬੇ ਨਾਲ ਬੁਖਾਰ ਚੜ੍ਹਣਾ , ਪਸੀਨਾ ਆਕੇ ਬੁਖਾਰ ਉਤਰ ਜਾਣਾ, ਤੀਜੇ ਦਿਨ ਬੁਖਾਰ , ਸਿਰ ਦਰਦ , ਉਲਟੀਆਂ , ਥਕਾਵਟ ਹੋਣਾ ਮਲੇਰੀਆ ਬੁਖਾਰ ਦੇ ਮੁੱਖ ਲੱਛਣ ਹਨ ਉਨ੍ਹਾਂ ਕਿਹਾ ਕਿ , ਇਸ ਤੋਂ ਬਚਣ ਲਈ ਕਿੱਤੇ ਵੀ ਪਾਣੀ ਇੱਕਠਾ ਨਾ ਹੋਣ ਦਿ ? , ਕੂਲਰਾਂ ਦਾ ਪਾਣੀ ਹਫਤੇ ਵਿੱਚ ਇੱਕ ਵਾਰ ਜਰੂਰ ਬਦਲੋ, ਪਾਣੀ ਦੀਆ ਟੱਕੀਆ ਚੰਗੀ ਤਰ੍ਹਾਂ ਢੱਕ ਕੇ ਰੱਖੋ , ਛੱਤ ਤੇ ਪਏ ਕੁਆੜ , ਟਾਇਰਾ , ਡਰੰਮਾ ਆਦਿ ਵਾਧੂ ਪਏ ਬਰਤਨਾ ਵਿੱਚ ਬਰਸਾਤ ਦਾ ਪਾਣੀ ਜਮ੍ਹਾਂ ਹੋਣ ਕਾਰਣ ਮੱਛਰ ਪੈਦਾ ਹੁੰਦਾ ਹੈ , ਗਮਲਿਆਂ ਵਿੱਚ ਪਾਣੀ ਖੜ੍ਹਾ ਨਾ ਹੋਣ ਦਿ ? , ਘਰਾਂ ਦੇ ਆਲੇ ਦੁਆਲੇ ਨੀਵੀਆਂ ਥਾਵਾਂ ਤੇ ਮਿੱਟੀ ਪੁਆਈ ਜਾਵੇ, ਰਾਤ ਨੂੰ ਸੌਣ ਸਮੇਂ ਪੂਰੀਆ ਬਾਹਾਂ ਦੇ ਕਪੜੇ



ਪਾਏ ਜਾਣ , ਮੱਛਰਦਾਨੀਆ ਲਗਾ ਕੇ ਸੋਵੋ, ਬੁਖਾਰ ਹੋਣ ਤੇ ਅਪਣੇ ਨੇੜੇ ਦੇ ਸਿਹਤ ਕੇਂਦਰ ਜਾਂ ਕੇ ਅਪਣੇ ਖੂਨ ਦੀ ਜਾਂਚ ਕਰਵਾ ? ਅਤੇ ਡਾਕਟਰ ਦੀ ਸਲਾਹ ਅਨੁਸਾਰ ਪੂਰਾ ਇਲਾਜ ਕਰਵਾ ? , ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮਲੇਰੀਆ ਬੁਖਾਰ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਇਸ ਮੋਕੇ ਹੋਰਨਾਂ ਤੋਂ ਇਲਾਵਾ ਬਲਿਹਾਰ ਚੰਦ ਹੈਲਥ ਸੁਪਰਵਾਈਜਰ , ਕਮਲਜੀਤ ਸਿੰਘ ਹੈਲਥ ਸੁਪਰਵਾਈਜਰ , ਡਾ ਸੁਸ਼ਾਂਤ , ਲੱਖਵਿੰਦਰ ਸਿੰਘ , ਅਮਰੀਕ ਸਿੰਘ ਹੈਲਥ ਵਰਕਰ, ਨੂੰ ਬਾਲਾ ਐਲ ਟੀ, ਰਿੰਪੀ ਸਟਾਫ ਨਰਸ ਅਤੇ ਹੋਰ ਪਤਵੰਤੇ ਸੱਜਣਾਂ ਨੇ ਹਿੱਸਾ ਲਿਆ

# ਸਰਵਜਨਿਕ ਸਥਾਨਾਂ 'ਤੇ ਤੰਬਾਕੂਨੋਸ਼ੀ ਕਰਨ ਵਾਲਿਆਂ ਦੇ ਸਿਹਤ ਵਿਭਾਗ ਦੀ ਟੀਮ ਵਲੋਂ ਚਲਾਨ ਕੱਟੇ ਗਏ, ਤੰਬਾਕੂਨੋਸ਼ੀ ਸਿਹਤ ਲਈ ਹਾਨੀਕਾਰਕ ; ਡਾ ਰਾਜੀਵ ਕੁਮਾਰ



ਫਗਵਾੜਾ - ਸਿਵਲ ਸਰਜਨ ਕਪੂਰਥਲਾ ਡਾ ਲਹਿੰਬਰ ਰਾਮ ਦੇ ਹੁਕਮਾਂ ਅਤੇ ਡੀ ਡੀ ਐਚ ਕਪੂਰਥਲਾ ਡਾ ਕਪਿਲ ਡੋਗਰਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਫਗਵਾੜਾ ਡਾ ਰਾਜੇਸ਼ ਚੰਦਰ ਦੀਆ ਹਿਦਾਇਤਾਂ ਤਹਿਤ ਡਾ ਰਾਜੀਵ ਕੁਮਾਰ ਨੋਡਲ ਅਫ਼ਸਰ (ਤੰਬਾਕੂਨੋਸ਼ੀ ) ਦੀ ਯੋਗ ਅਗਵਾਈ ਹੇਠ ਹੈਲਥ ਇੰਸਪੈਕਟਰ ਬਲਿਹਾਰ ਚੰਦ, ਹੈਲਥ ਇੰਸਪੈਕਟਰ ਕਮਲਜੀਤ ਸਿੰਘ ਸੰਧੂ , ਗੁਰਮੇਜ਼ ਸਿੰਘ ਦੀ ਟੀਮ ਵਲੋਂ ਸਰਵਜਨਿਕ ਸਥਾਨਾਂ 'ਤੇ ਤੰਬਾਕੂਨੋਸ਼ੀ ਕਰਨ ਵਾਲੇ ਵਿਅਕਤੀਆਂ ਦੇ ਸਿਹਤ ਵਿਭਾਗ ਦੀ ਟੀਮ ਵਲੋਂ ਚਲਾਨ ਕੱਟੇ ਗਏ ਸਿਹਤ ਵਿਭ ਟੀਮ ਨੇ ਚੈਕਿੰਗ ਦੌਰਾਨ ਸਰਵਜਨਿਕ ਸਥਾਨਾਂ 'ਤੇ ਤੰਬਾਕੂਨੋਸ਼ੀ ਕਰਨ ਵਾਲੇ 15 ਵਿਅਕਤੀਆਂ ਨੂੰ ਜੁਰਮਾਨਾ ਕੀਤਾ ਅਤੇ 25 ਤੋਂ ਵੱਧ ਵਿਅਕਤੀਆਂ ਨੂੰ ਚੇਤਾਵਨੀ ਦੇ ਛੱਡਿਆ ਇਸ ਮੋਕੇ ਡਾ ਰਾਜੀਵ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੰਬਾਕੂ ਨਾਲ ਗਲੇ ਦਾ ਕੈਂਸਰ, ਮੂੰਹ ਦਾ ਕੈਂਸਰ, ਸਾਹ ਨਾਲ ਸਬੰਧਤ ਤੇ ਹੋਰ ਭਿਆਨ ਬੀਮਾਰੀਆਂ ਲੱਗਣ ਦਾ ਖਤਰਾ ਵੱਧ ਜਾਦਾ ਹੈ ਇਸ ਲਈ ਸਾਨੂੰ ਤੰਬਾਕੂ ਉਤਪਾਦਾਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਨੇ ਲੋਕਾਂ ਨੂੰ ਤੰਬਾਕੂਨੋਸ਼ੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਕਰਨ ਲਈ ਮੁਹਿੰਮ ਵਿੱਢ ਹੋਈ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਵਿਦਿਆਰਥੀਆਂ ਨੂੰ ਤੰਬਾਕੂ ਦੇ ਦੁਸ਼ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ

# ਹਰਪ੍ਰੀਤ ਸਿੰਘ ਐਸ.ਬੀ.ਏ. ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ




**ਖਰੜ,29 ਅਪ੍ਰੈਲ ਕਾਲਾ ਸਿੰਘ ਸੈਣੀ-** ਪਿੱਛਲੇ 34 ਸਾਲ ਤੋਂ ਐਲ.ਆਈ.ਸੀ. ਵਿਚ ਟਾਪਰ ਰਹਿਣ ਵਾਲੇ ਹਰਪ੍ਰੀਤ ਸਿੰਘ ਐਸ.ਬੀ.ਏ. ਦਾ ਵਿਸ਼ੇਸ ਤੌਰ ਤੇ ਐਲ.ਆਈ.ਸੀ.ਸਾਖਾ ਵਲੋਂ ਵਿਸੇਸ ਤੌਰ ਤੇ ਸਨਮਾਨ ਕੀਤਾ ਗਿਆ। ਹਰਪ੍ਰੀਤ ਸਿੰਘ ਐਸ.ਬੀ.ਏ. ਦੀ ਟੀਮ ਵਲੋਂ 204 ਏਜੰਟ ਕੰਮ ਕਰਦੇ ਹਨ ਜਿਨ੍ਹਾਂ ਵਿਚੋਂ ਅਭਿਸੇਕ ਸਭਰਵਾਲ, ਕੁਲਦੀਪ ਸਿੰਘ ਢਿਲੋਂ ਅਤੇ ਮੌਸਮੀ ਚੈਟਰਜੀ ਇਸ ਸਾਲ ਟੀਮ ਦੇ ਟਾਪਰ ਰਹੇ ਹਨ ਅਤੇ ਬਾਕੀ ਦੀ ਵਧੀਆਂ ਕਾਰਜ਼ਗਾਰੀ ਰਹੀ। ਹਰਪ੍ਰੀਤ ਸਿੰਘ ਐਸ.ਬੀ.ਏ. ਨੂੰ ਸੀਨੀਅਰ ਬਰਾਂਚ ਮੈਨੇਜ਼ਰ ਅਤੇ ਐਕਸੀਡੈਂਟ ਬਰਾਂਚ ਮੈਨੇਜ਼ਰ ਹਰਦੀਪ ਸਿੰਘ ਵਲੋਂ ਵਿਸੇਸ ਤੌਰ ਤੇ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

# ਮਾਡਲ ਸਕੂਲ ਖਰੜ ਦੇ ਵਿਦਿਆਰਥੀਆਂ ਨੂੰ ਸਵੀਪ ਪ੍ਰੋਗਰਾਮ ਤਹਿਤ ਵੋਟਰ ਜਾਗਰੂਕਤਾ ਕੈਂਪ ਤਹਿਤ ਦਿੱਤੀ ਜਾਣਕਾਰੀ




**ਖਰੜ,29 ਅਪ੍ਰੈਲ (ਕਾਲਾ ਸਿੰਘ ਸੈਣੀ):-** ਵਿਧਾਨ ਸਭਾ ਹਲਕਾ ਖਰੜ-52 ਦੇ ਸਹਾਇਕ ਰਿਟਰਨਿਗ ਅਫਸਰ ਗੁਰਮੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਥੱਲੇ ਸੈਕਟਰ ਅਫਸਰ ਪ੍ਰਿੰਸੀਪਲ ਭੁਪਿੰਦਰ ਦੀ ਅਗਵਾਈ ਵਿਚ ਹਲਕੇ ਦੇ ਪੋਲਿੰਗ ਬੂਥ ਨੰ: 238,239,241,242 ਵਿਚ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖਰੜ ਵਿਚ ਵੋਟਰ ਜਾਗਰੂਕਤਾ ਕੈਂਪ ਲਗਾਇਆ ਗਿਆ। ਸਵੀਪ ਇੰਹਚਾਰਜ਼ ਨਵਦੀਪ ਚੌਧਰੀ ਅਤੇ ਕ੍ਰਿਸ਼ਨ ਕੁਮਾਰ ਵਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਦਸਿਆ ਅਤੇ ਕਿਹਾ ਕਿ ਜਿਹੜੇ ਨੌਜਵਾਨ ਲੜਕੇ ਅਤੇ ਲੜਕੀਆਂ ਦੀ ਨਵੀਂ ਵੋਟ ਬਣੀ ਹੈ ਉਹ ਪਹਿਲੀ ਵਾਰ ਆਪਣੇ ਆਪਣੇ ਪੋਲਿੰਗ ਬੂਥ ਤੇ ਜਾ ਕੇ ਵੋਟ ਪਾਉਣ। ਇਸ ਮੌਕੇ ਹਰਦੀਪ ਕੋਰ,ਬੀ.ਐਲ.ਓ ਗੁਰਵਿੰਦਰਸਿੰਘ, ਗੁਰਜੀਤ ਕੌਰ, ਰੇਖਾ ਰਾਣੀ ਸਮੇਤ ਸਕੂਲ ਦੇ ਸਟਾਫ ਮੈਂਬਰ ਹਾਜ਼ਰ ਸਨ।

# ਲਿਫਟਿੰਗ ਨਾ ਹੋਣ ਕਾਰਨ ਆੜਤੀ ਅਤੇ ਮਜ਼ਦੂਰ ਪਰੇਸ਼ਾਨ




ਲਹਿਰਗਾਗਾ, 29 ਅਪ੍ਰੈਲ - ਜਦੋਂ ਮਜ਼ਦੂਰ ਦੀ ਮਜ਼ਦੂਰੀ ਤੇ ਆੜਤੀਏ ਦੀ ਆੜਤ ਪੱਲੇ ਨਾ ਪਵੇ ਤਾਂ ਬਹੁਤ ਦੁੱਖ ਹੁੰਦਾ ਹੈ, ਇਹੋ ਹੀ ਹਾਲ ਹੈ ਅੱਜ ਕੱਲ ਲਹਿਰਾਗਾਗਾ ਦੇ ਸੈਂਟਰਾਂ ਦੇ ਆੜਤੀਆਂ ਦਾ। ਜਿਥੇ ਲਹਿਰਾਗਾਗਾ ਮਾਰਕੀਟ ਕਮੇਟੀ ਅੰਦਰ ਪੈਂਦੇ ਮੰਡੀ ਅਤੇ ਖਰੀਦ ਸੈਂਟਰਾਂ ਵਿੱਚ ਤਕਰੀਬਨ 82582 ਮੀਟ੍ਰਿਕ ਟਨ ਪੰਜਾਬ ਦੀਆ ਵੱਖ-ਵੱਖ ਖਰੀਦ ਏਜੰਸੀਆਂ ਨੇ ਕਣਕ ਦੀ ਖਰੀਦ ਕੀਤੀ ਹੈ। ਜਿਸ ਵਿੱਚੋ ਕ੍ਰਮਵਾਰ ਮਾਰਕਫੈਡ 35632 ,ਪੰਜਾਬ ਸਟੇਟ ਵੇਅਰ ਹਾਊਸ 13050, ਪਨਗ੍ਰੇਨ 24400 ਅਤੇ ਪਨਸਪ ਨੇ 9500 ਮੀਟ੍ਰਿਕ ਟਨ ਖਰੀਦੀ ਹੈ। ਜਿਹਦੇ ਵਿੱਚੋਂ ਸਿਰਫ 28829 ਮੀਟ੍ਰਿਕ ਟਨ ਹੀ ਲਿਫਟ ਹੋ ਸਕੀ ਹੈ ,ਬਾਕੀ ਵੱਚੇ ਲਗਭਗ ਦੱਸ ਲੱਖ ਪਚੱਤਰ ਹਜਾਰ ਕਣਕ ਦੇ ਗੱਟੇ ਖੁੱਲੇ ਅਸਮਾਨ ਥੱਲੇ, ਬੋਰੀਆਂ ਵਿੱਚ ਗਲਣ ਅਤੇ ਮੌਸਮ ਦੇ ਰਹਿਮੋ ਕਰਮ ਤੇ ਪਈਆਂ ਹਨ। ਇਸ ਵਿੱਚੋ ਇਕੱਲੇ ਮਾਰਕਫੈਡ ਦਾ ਹੀ 5,50,000 ਤੋਂ ਉੱਪਰ ਗੱਟਾ ਲਿਫਟਿੰਗ ਹੋਣ ਵਾਲਾ ਪਿਆ ਹੈ। ਇਸ ਸਬੰਧੀ ਮਾਰਕਫੈਡ ਦੇ ਮੈਨੇਜਰ ਨੇ ਸਾਰਾ ਦੋਸ਼ ਸਿੱਲੋ ਦੇ ਉੱਪਰ ਮੜਦਿਆ ਕਿਹਾ ਕਿ ਸਾਈਲ ਦੇ ਵਿਚ 40 ਤੋਂ 45 ਸੈਂਟਰ ਦਾ ਮਾਲ ਜਾਂਦਾ ਹੈ, ਜਿਹਦੇ ਵਿੱਚ 20 ਲੱਖ ਗੱਟਾ ਲੱਗਣਾ ਹੈ। ਉੱਥੇ ਟਰੱਕਾਂ ਦੀ ਬਹੁਤ ਲੰਬੀ ਲਾਈਨ ਲੱਗਦੀ ਹੈ ਤੇ ਜਿਸ ਕਾਰਨ ਗੱਡੀਆਂ ਖਾਲੀ ਹੋ ਕੇ ਨਹੀਂ ਆਉਂਦੀਆਂ, ਜਿਸ ਕਰਕੇ ਟਾਈਮ ਜਿਆਦਾ ਲੱਗ ਰਿਹਾ ਹੈ। ਭਰੇ ਹੋਏ ਮਾਲ ਦੀ ਘਟੋਤੀ ਦੇ ਸੰਬੰਧ ਵਿੱਚ ਆੜਤੀਆਂ ਦੇ ਉੱਪਰ ਜਿੰਮੇਵਾਰੀ ਸੁੱਟਦਿਆਂ ਉਨਾ ਕਿਹਾ ਕਿ ਜੋ ਆੜਤੀਆ ਵੱਧ ਨਮੀ ਵਾਲਾ ਮਾਲ ਭਰੇਗਾ, ਉਸ ਮਾਲ ਦੀ ਸ਼ੋਰਟੇਜ ਪਵੇਗੀ। ਜਿਸਦੀ ਜਿੰਮੇਵਾਰੀ ਸੰਬੰਧਿਤ ਆੜਤੀਏ ਦੀ ਹੀ ਹੈ ,ਜਦੋਂ ਤੱਕ ਉਹ ਲਿਫਟ ਨਹੀਂ ਹੋ ਜਾਂਦਾ। ਵੱਖ ਵੱਖ ਖਰੀਦ ਸੈਂਟਰਾਂ ਤੇ ਆੜਤੀਆਂ ਨਾਲ ਗੱਲ ਕਰਨ ਤੇ ਉਹਨਾਂ ਨੇ ਦੱਸਿਆ ਕਿ ਅਸੀਂ 12 ਮਾਚਰ ਵਾਲੀ ਕਣਕ ਜੋ ਕਿ ਇੰਸਪੈਕਟਰ ਖਰੀਦ ਦਾ ਹੈ ਉਹੀ ਭਰਦੇ ਹਾਂ, ਗਰਮੀ ਤੇ ਜਿਆਦਾ ਸਮਾਂ ਹੋਣ ਕਰਕੇ ਕਣਕ ਵਿੱਚ ਮੋਚਰ 10 ਜਾਂ 8 ਫੀਸਦੀ ਰਹਿ ਜਾਂਦਾ ਹੈ, ਜਿਹਦੇ ਕਰਕੇ ਵਜਨ ਵੀ ਘੱਟ ਜਾਂਦਾ ਹੈ ,ਉਸਦੀ ਜਿੰਮੇਵਾਰੀ ਆੜਤੀਏ ਦੀ ਨਹੀਂ ਹੋਣੀ ਚਾਹੀਦੀ। ਵੱਖ-ਵੱਖ ਸੈਂਟਰਾਂ ਵਿੱਚ ਬੈਠੇ ਲੇਬਰ ਤੇ ਠੇਕੇਦਾਰਾਂ ਨਾਲ ਗੱਲ ਕਰਨ ਤੇ ਉਹਨਾਂ ਆਪਣਾ ਦੁੱਖ ਜਹਿਰ ਕਰਦਿਆਂ ਕਿਹਾ ਕਿ ਜਦੋਂ ਤੱਕ ਮਾਲ ਲਿਫਟ ਨਹੀਂ ਹੁੰਦਾ , ਉਦੋ ਤੱਕ ਸਾਡਾ ਹਿਸਾਬ ਨਹੀਂ ਹੁੰਦਾ, ਜਦੋ ਤੱਕ ਸਾਡਾ ਹਿਸਾਬ ਨਹੀਂ ਹੁੰਦਾ, ਅਸੀਂ ਆਪਣੇ ਘਰ ਨਹੀਂ ਜਾ ਸਕਦੇ। ਟਰੱਕ ਯੂਨੀਅਨ ਦੇ ਪ੍ਰਧਾਨ ਗੁਰੀ ਚਹਿਲ ਨਾਲ ਗੱਲ ਕਰਨ ਤੇ ਉਹਨਾਂ ਦੱਸਿਆ ਕਿ ਇਸ ਵਾਰ ਸੀਜਨ ਦੀਆ ਪਹਿਲੀਆ ਗੱਡੀਆਂ ਅਸੀਂ 23 ਅਪ੍ਰੈਲ ਤੋਂ ਹੀ ਕੱਟੀਆਂ ਹਨ ਅਤੇ ਸਿਲੋ ਕਰਕੇ ਜਿਆਦਾ ਟਾਈਮ ਲੱਗ ਰਿਹਾ ਹੈ , ਪਰ ਅਸੀਂ 10 ਦਿਨਾਂ ਦੇ ਵਿੱਚ ਬਾਕੀ ਮਾਲ ਦੀ ਚੁਕਾਈ ਕਰ ਦੇਵਾਂਗੇ। ਵੱਖ-ਵੱਖ ਖਰੀਦ ਇੰਸਪੈਕਟਰਾਂ ਨਾਲ ਗੱਲ ਕਰਨ ਤੇ ਉਹਨਾਂ ਨੇ ਵੀ ਇੱਕ ਹਫਤੇ ਦੇ ਵਿੱਚ ਮਾਲ ਚੁਕਵਾਉਣ ਦੀ ਗੱਲ ਕਹੀ ਪਰ ਹੁਣ ਦੇਖਣਾ ਇਹ ਹੈ ਕਿ ਕਦੋਂ ਤੱਕ ਆੜਤੀਆਂ ਅਤੇ ਲੇਬਰ ਦਾ ਪੈਂਡਾ ਛੁੱਟਦਾ ਹੈ।

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਅਕਬਰਪੁਰ 'ਚ ਜਿੱਤ ਲਈ ਭਾਜਪਾ, ਬਸਪਾ ਅਤੇ ਗੱਠਜੋੜ ਵਿਚਾਲੇ ਸੰਘਰਸ਼ ਜਾਰੀ ਹੈ

**ਬਸਪਾ ਨੂੰ ਜਾਤੀ ਗਣਿਤ ਅਤੇ ਠਾਕੁਰਾਂ ਦੀ ਨਾਰਾਜ਼ਗੀ ਦਾ ਲਾਭ ਮਿਲ ਸਕਦਾ ਹੈ, ਅਕਬਰਪੁਰ ਦੀ ਚੋਣ ਲੜਾਈ ਵਿੱਚ ਬਸਪਾ ਦੇ ਰਾਜੇਸ਼ ਕੁਮਾਰ ਦਿਵੇਦੀ ਵੀ ਜਿੱਤ ਦੀ ਦੌੜ ਵਿੱਚ ਹਨ, ਵੋਟਰਾਂ ਵਿੱਚ ਖੁੱਸਰ ਫੁਸਫੁਸ: ਤੁਸੀਂ ਪੁਰਾਣੇ ਨੂੰ ਬਰਦਾਸ਼ਤ ਕੀਤਾ, ਹੁਣ ਨਵੇਂ ਵੱਲ ਦੇਖੋ।**







**ਕਾਨਪੁਰ ਸੁਨੀਲ ਬਾਜਪਾਈ-** ਇੱਥੇ 13 ਮਈ ਨੂੰ ਹੋਣ ਜਾ ਰਹੀਆਂ ਅਕਬਰਪੁਰ ਲੋਕ ਸਭਾ ਚੋਣਾਂ ਵਿੱਚ ਭਾਜਪਾ ਅਤੇ ਭਾਰਤ ਗਠਜੋੜ ਦੇ ਉਮੀਦਵਾਰ ਅਤੇ ਉਨ੍ਹਾਂ ਦੇ ਸਮਰਥਕ ਵੋਟਰਾਂ ਦੇ ਰਵੱਈਏ ਨੂੰ ਲੈ ਕੇ ਚਿੰਤਤ ਹਨ, ਜਿਸ ਕਾਰਨ ਇਹ ਵੀ ਜਾਪਦਾ ਹੈ ਕਿ ਇੱਥੋਂ ਕੋਈ ਨਵਾਂ ਚਿਹਰਾ ਉਮੀਦਵਾਰ ਮੈਦਾਨ ਵਿੱਚ ਨਹੀਂ ਉਤਾਰਿਆ ਗਿਆ ਹੈ। ਕੋਈ ਵੀ ਲੋਕ ਸਭਾ ਹਲਕੇ ਵਿੱਚ ਗਿਆ ਹੋਵੇ, ਉੱਥੇ ਜਿੱਤ ਦੀ ਉਮੀਦ ਹਾਰ ਵਿੱਚ ਬਦਲ ਸਕਦੀ ਹੈ। ਚਾਹੇ ਉਹ ਭਾਜਪਾ ਜਾਂ ਗਠਜੋੜ ਜਾਂ ਬਸਪਾ ਬਾਰੇ ਹੋਵੇ। ਭਾਵ ਸਾਰੇ ਲੋਕ ਸਭਾ ਹਲਕਿਆਂ ਵਿੱਚ ਨਵੇਂ ਚਿਹਰਿਆਂ ਨੂੰ ਮੌਕਾ ਦਿੱਤਾ ਗਿਆ ਹੈ। ਉਹ ਪੁਰਾਣੇ ਚਿਹਰਿਆਂ ਦੇ ਮੁਕਾਬਲੇ ਸਭ ਤੋਂ ਵੱਧ ਜਿੱਤ ਦਰਜ ਕਰ ਸਕਦਾ ਹੈ। ਖਾਸ ਤੌਰ 'ਤੇ ਉਨ੍ਹਾਂ ਲੋਕ ਸਭਾ ਹਲਕਿਆਂ 'ਚ ਜਿੱਥੇ ਭਾਈਚਾਰੇ ਦੇ ਲੋਕਾਂ ਦੇ ਨਾਲ-ਨਾਲ ਹੋਰਨਾਂ ਜਾਤਾਂ ਦੇ ਵੋਟਰ ਵੀ ਵੱਖ-ਵੱਖ ਕਾਰਨਾਂ ਕਰਕੇ ਮੁੜ ਮੈਦਾਨ 'ਚ ਉਤਾਰੇ ਗਏ ਉਮੀਦਵਾਰ ਤੋਂ ਨਾਰਾਜ਼ ਹਨ ? 20 ਲੱਖ ਤੋਂ ਵੱਧ ਵੋਟਰਾਂ ਵਾਲੀ ਅਕਬਰਪੁਰ ਲੋਕ ਸਭਾ ਸੀਟ ਵੀ ਇਸ ਦੇ ਦਾਇਰੇ 'ਚ ਆਉਂਦੀ ਹੈ। ਜਿੱਥੇ ਈਡੀ ਗਠਜੋੜ ਵੱਲੋਂ ਰਾਜਾ ਰਾਮਪਾਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਦੇਵੇਂਦਰ ਸਿੰਘ ਭੋਲੇ ਨੂੰ ਤੀਜੀ ਵਾਰ ਮੁੜ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਪਰ ਵੋਟਰਾਂ ਵਿੱਚ ਇਸ ਦੀ ਕਾਫੀ ਚਰਚਾ ਹੈ। ਉਸ ਅਨੁਸਾਰ ਤੁਸੀਂ ਪੁਰਾਣਾ ਵੀ ਦੇਖਿਆ ਹੈ, ਹੁਣ ਨਵਾਂ ਵੀ ਦੇਖੋ। ਇੱਥੇ ਨਵੇਂ ਚਿਹਰੇ ਦਾ ਮਤਲਬ ਰਾਜੇਸ਼ ਕੁਮਾਰ ਦਿਵੇਦੀ ਹੈ, ਜਿਨ੍ਹਾਂ ਨੂੰ ਬਸਪਾ ਵੱਲੋਂ ਉਮੀਦਵਾਰ ਬਣਾਇਆ ਗਿਆ ਹੈ।

ਪਾਰਟੀ ਸੂਤਰਾਂ ਅਤੇ ਸਮਰਥਕਾਂ ਦਾ ਇਹ ਵੀ ਦਾਅਵਾ ਹੈ ਕਿ ਨਵਾਂ ਚਿਹਰਾ ਹੋਣ ਕਾਰਨ ਬਸਪਾ ਉਮੀਦਵਾਰ ਰਾਜੇਸ਼ ਕੁਮਾਰ ਦਿਵੇਦੀ, ਜੋ ਕਿ ਇੱਕ ਉਤਸੁਕ ਸਮਾਜ ਸੇਵਕ ਦੇ ਨਾਲ-ਨਾਲ ਗਊ ਸੇਵਕ ਵਜੋਂ ਜਾਣੇ ਜਾਂਦੇ ਹਨ, ਦੇ ਮੁਕਾਬਲੇ ਬ੍ਰਾਹਮਣਾਂ ਦੇ ਨਾਲ-ਨਾਲ ਹੋਰ ਜਾਤੀਆਂ ਦੇ ਵੋਟਰਾਂ ਦੀ ਗਿਣਤੀ ਵੀ ਜ਼ਿਆਦਾ ਹੈ। ਹੋਰ ਉਮੀਦਵਾਰਾਂ ਲਈ ਇਹ ਪ੍ਰਾਪਤੀ ਭਾਜਪਾ ਅਤੇ ਗਠਜੋੜ ਦੇ ਉਮੀਦਵਾਰਾਂ ਦੀ ਜਿੱਤ ਦੇ ਰਾਹ ਵਿੱਚ ਰੁਕਾਵਟ ਬਣ ਸਕਦੀ ਹੈ।

ਬਸਪਾ ਤੋਂ ਟਿਕਟ ਦੇ ਸਵਾਲ 'ਤੇ ਉਮੀਦਵਾਰ ਰਾਜੇਸ਼ ਦਿਵੇਦੀ ਦੇ ਸਮਰਥਕਾਂ ਦਾ ਵੀ ਕਹਿਣਾ ਹੈ ਕਿ ਇਹ ਮਹੱਤਵਪੂਰਨ ਨਹੀਂ ਹੈ ਕਿ ਕੌਣ ਕਿਸ ਪਾਰਟੀ ਤੋਂ ਚੋਣ ਲੜ ਰਿਹਾ ਹੈ। ਲੋਕ ਹਿੱਤ ਵਿੱਚ ਇਹ ਜ਼ਰੂਰੀ ਹੁੰਦਾ ਹੈ ਕਿ ਕਿਸ ਉਮੀਦਵਾਰ ਦਾ ਸੁਭਾਅ, ਕਿਹੋ ਜਿਹਾ ਵਿਵਹਾਰ ਅਤੇ ਕਿਸ ਤਰ੍ਹਾਂ ਦੇ ਵਿਚਾਰ ਅਤੇ ਵਿਚਾਰ ਜਨਤਾ ਦੇ ਹਿੱਤ ਵਿੱਚ ਹਨ। ਕਿਉਂਕਿ ਜੋ ਵੀ ਕੰਮ ਇਲਾਕੇ ਜਾਂ ਕਿਸੇ ਦੇ ਹਿੱਤ ਵਿੱਚ ਕਰਨਾ ਹੁੰਦਾ ਹੈ। ਅਜਿਹਾ ਸਿਰਫ਼ ਚੁਣੇ ਹੋਏ ਲੋਕ ਨੁਮਾਇੰਦੇ ਨੇ ਹੀ ਕਰਨਾ ਹੈ। ਇਸ ਲਈ ਚੋਣ ਪਾਰਟੀ ਦੇ ਆਧਾਰ 'ਤੇ ਨਹੀਂ ਬਲਕਿ ਉਮੀਦਵਾਰ ਦੇ ਆਚਰਣ, ਕੰਮ ਅਤੇ ਲੋਕਾਂ ਦੀ ਭਲਾਈ ਦੀ ਸੋਚ 'ਤੇ ਵੋਟ ਦੇ ਰੂਪ 'ਚ ਜਿੱਤੀ ਜਾਣੀ ਚਾਹੀਦੀ ਹੈ।

ਇਸ ਸਮੇਂ ਬਸਪਾ ਮੁਖੀ ਮਾਇਆਵਤੀ ਵੀ ਅਕਬਰਪੁਰ ਲੋਕ ਸਭਾ ਹਲਕੇ ਦੇ ਲੋਕਾਂ ਦੇ ਹਿੱਤ ਵਿੱਚ ਬਹੁਤ ਕੁਝ ਕਰਨ ਦਾ ਵਾਅਦਾ ਕਰ ਰਹੇ ਉਮੀਦਵਾਰ ਰਾਜੇਸ਼ ਕੁਮਾਰ ਦਿਵੇਦੀ ਦੇ ਹੱਕ ਵਿੱਚ 10 ਮਈ ਨੂੰ ਜਨ ਸਭਾ ਕਰਨ ਲਈ ਰਾਮੇਪੁਰ ਆ ਰਹੇ ਹਨ, ਜਿਸ ਵਿੱਚ ਜਨਰਲ ਸਕੱਤਰ ਸ. ਸਤੀਸ਼ ਮਿਸ਼ਰਾ ਵੀ ਹਾਜ਼ਰ ਹੋ ਸਕਦੇ ਹਨ।

ਇਸ ਦੇ ਨਾਲ ਹੀ ਵਿਰੋਧੀ ਵੀ ਵੋਟਰਾਂ ਨੂੰ ਇਹ ਦੱਸਣ ਤੋਂ ਬਾਜ਼ ਨਹੀਂ ਆਉਂਦੇ ਕਿ ਠਾਕੁਰ ਵੋਟਰਾਂ ਦੀ ਬਹੁਗਿਣਤੀ ਭਾਜਪਾ ਉਮੀਦਵਾਰ ਦੇਵੇਂਦਰ ਸਿੰਘ ਭੋਲੇ ਤੋਂ ਕਿਵੇਂ ਅਤੇ ਕਿਉਂ ਨਾਰਾਜ਼ ਹੈ। ਅਤੇ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਸੀ ? ਤੁਸੀਂ ਕੀ ਕੀਤਾ ? ਬਸਪਾ ਉਮੀਦਵਾਰ ਰਾਜਾ ਰਾਮਪਾਲ ਦਾ ਵੀ ਇਹੀ ਹਾਲ ਹੈ। ਉਨ੍ਹਾਂ ਦੇ ਵਿਰੋਧੀ ਲੋਕ ਸਭਾ ਨਾਲ ਸਬੰਧਤ ਰਿਸ਼ਵਤ ਕਾਂਡ ਨੂੰ ਵੀ ਮਿਸਾਲ ਵਜੋਂ ਪੇਸ਼ ਕਰਦੇ ਹਨ।

ਅਕਬਰਪੁਰ ਲੋਕ ਸਭਾ ਹਲਕੇ ਦੇ ਬ੍ਰਾਹਮਣ ਅਤੇ ਠਾਕੁਰ ਦੇ ਦਬਦਬੇ ਵਾਲੇ ਵੋਟਰਾਂ ਵਾਲੇ ਇਲਾਕੇ 'ਚ ਭਾਜਪਾ ਹੀ ਨਹੀਂ ਸਗੋਂ ਭਾਰਤੀ ਗਠਜੋੜ ਦੇ ਉਮੀਦਵਾਰਾਂ ਦੀ ਵੀ ਹਾਲਤ ਖਰਾਬ ਮੰਨੀ ਜਾ ਰਹੀ ਹੈ, ਜਿਸ ਦਾ ਅਸਲ ਕਾਰਨ ਵੋਟਰਾਂ ਦੀ ਬੇਰੁਖ਼ੀ ਹੈ ਅਤੇ ਇਸ ਦਾ ਕਾਰਨ ਵੀ ਦੱਸਿਆ ਜਾ ਰਿਹਾ ਹੈ। ਪੁਰਾਣੇ ਚਿਹਰਿਆਂ ਦੀ ਮੌਜੂਦਗੀ ਹੋਣ ਲਈ. ਜਦੋਂ ਕਿ ਅਕਬਰਪੁਰ ਲੋਕ ਸਭਾ ਹਲਕੇ ਦੇ ਵੱਡੀ ਗਿਣਤੀ ਵੋਟਰ ਇਸ ਵਾਰ ਦਵਿੰਦਰ ਸਿੰਘ ਭੋਲੇ ਦੀ ਥਾਂ ਕਿਸੇ ਨਵੇਂ ਚਿਹਰੇ ਨੂੰ ਮੈਦਾਨ ਵਿੱਚ ਉਤਾਰਨ ਦੀ ਉਮੀਦ ਕਰ ਰਹੇ ਸਨ। ਜਿਸ ਵਿੱਚ ਜੀਤ ਪ੍ਰਤਾਪ ਸਿੰਘ ਅਤੇ ਬਿਠੂਰ ਦੇ ਵਿਧਾਇਕ ਅਭਿਜੀਤ ਸਿੰਘ ਸੰਘਾ ਸਮੇਤ ਕਈ ਹੋਰ ਵਿਅਕਤੀਆਂ ਦੇ ਨਾਮ ਦਾਅਵੇਦਾਰਾਂ ਵਜੋਂ ਸ਼ਾਮਲ ਸਨ। ਈਡੀ ਗਠਜੋੜ ਤੋਂ ਵੀ ਅਜਿਹਾ ਹੀ ਕੁਝ ਹੋਣ ਦੀ ਉਮੀਦ ਸੀ ਪਰ ਇਸ ਨੇ ਨਵੇਂ ਚਿਹਰੇ ਨੂੰ ਮੈਦਾਨ ਵਿੱਚ ਉਤਾਰਨ ਦੀ ਬਜਾਏ ਰਾਜਾਰਾਮ ਪਾਲ ਨੂੰ ਆਪਣਾ ਉਮੀਦਵਾਰ ਬਣਾਇਆ।

ਭਾਵ ਬਸਪਾ ਤੋਂ ਇਲਾਵਾ ਕਿਸੇ ਵੀ ਪਾਰਟੀ ਨੇ ਨਵੇਂ ਚਿਹਰੇ ਨੂੰ ਉਮੀਦਵਾਰ ਨਹੀਂ ਬਣਾਇਆ ਹੈ। ਜਿੱਤ-ਹਾਰ ਦੇ ਗੁਣਾ-ਭਰਨ ਵਿੱਚ ਮਾਹਿਰ ਮੰਨੇ ਜਾਂਦੇ ਮਾਹਿਰਾਂ ਅਨੁਸਾਰ ਜੇਕਰ ਲੋਕ ਹਿੱਤਾਂ ਦੇ ਕੰਮਾਂ ਅਤੇ ਵਿਹਾਰ ਕਾਰਨ ਕਈ ਵਾਰ ਚੋਣ ਜਿੱਤ ਚੁੱਕੇ ਵੱਡੇ ਆਗੂਆਂ ਨੂੰ ਛੱਡ ਦੇਈਏ ਤਾਂ ਬਾਕੀ ਲੋਕ ਸਭਾ ਹਲਕਿਆਂ ਵਿੱਚ ਸਿਰਫ਼ ਪੁਰਾਣੇ ਚਿਹਰਿਆਂ ਨੂੰ ਹੀ ਮੈਦਾਨ ਵਿੱਚ ਉਤਾਰਨਾ ਹੈ। ਕਈ ਕਾਰਨਾਂ ਕਰਕੇ ਜਿੱਤ ਦੇ ਰੂਪ ਵਿੱਚ ਲਾਭਦਾਇਕ ਸਾਬਤ ਨਹੀਂ ਹੁੰਦਾ। ਸ਼ਾਇਦ ਇਹੀ ਕਾਰਨ ਹੈ ਕਿ ਬਸਪਾ ਜਿੱਤ ਦਾ ਰਾਹ ਬਹੁਤਾ ਔਖਾ ਨਹੀਂ ਸਮਝ ਰਹੀ। ਜਦਕਿ ਭਾਜਪਾ ਨੂੰ ਆਪਣੀ ਜਿੱਤ ਦਾ ਪੂਰਾ ਭਰੋਸਾ ਹੈ। ਅਤੇ ਗਠਜੋੜ ਦੇ ਉਮੀਦਵਾਰ ਰਾਜਾਰਾਮ ਪਾਲ ਅਤੇ ਉਨ੍ਹਾਂ ਦੇ ਸਮਰਥਕ ਵੀ ਅਜਿਹੇ ਦਾਅਵੇ ਕਰਨ ਵਿੱਚ ਪਿੱਛੇ ਨਹੀਂ ਹਨ।

ਦੂਜੇ ਪਾਸੇ ਬਸਪਾ ਉਮੀਦਵਾਰ ਰਾਜੇਸ਼ ਕੁਮਾਰ ਦਿਵੇਦੀ ਨੇ ਜ਼ਿੰਦਗੀ ਭਰ ਉਨ੍ਹਾਂ ਦੇ ਨਾਲ ਰਹਿਣ ਦਾ ਵਾਅਦਾ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਜ਼ਿੰਦਗੀ ਭਰ ਲਈ ਜਨ ਪ੍ਰਤੀਨਿਧੀ ਨਹੀਂ ਚੁਣਿਆ ਜਾਂਦਾ। ਅਤੇ ਜੋ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰਦਾ। ਜਨਤਾ ਉਸਨੂੰ 5 ਸਾਲ ਬਾਅਦ ਤੁਰਦੀ ਹੈ। ਉਮੀਦਵਾਰ ਰਾਜੇਸ਼ ਦਿਵੇਦੀ ਨੇ ਵੀ ਕਿਹਾ ਕਿ ਭਾਵੇਂ ਉਹ ਵੰਸ਼ਵਾਦੀ ਸਿਆਸੀ ਵਿਅਕਤੀ ਨਹੀਂ ਹਨ। ਅਕਬਰਪੁਰ ਤੋਂ ਇਸ ਮੈਦਾਨ ਵਿੱਚ ਤਨ-ਮਨ ਲਾ ਕੇ ਜਨਤਾ ਦੀ ਸੇਵਾ ਕਰਨ ਦਾ ਇਰਾਦਾ ਹੈ ਅਤੇ ਜੇਕਰ ਉਨ੍ਹਾਂ ਨੂੰ ਵਿਜੇ ਸ਼੍ਰੀ ਦੇ ਰੂਪ ਵਿੱਚ ਜਨਤਾ ਦਾ ਅਸ਼ੀਰਵਾਦ ਮਿਲਦਾ ਹੈ ਤਾਂ ਉਹ ਉਨ੍ਹਾਂ ਨੂੰ ਪੂਰਨ ਸਹਿਯੋਗ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਹਰ ਵਿਅਕਤੀ ਦੇ ਨਾਲ-ਨਾਲ ਇਲਾਕੇ ਦਾ ਪੂਰਾ ਵਿਕਾਸ ਹੋਵੇਗਾ।

ਕਿਉਂਕਿ ਅਕਬਰਪੁਰ ਲੋਕ ਸਭਾ ਹਲਕੇ ਵਿੱਚ ਜਿੱਤ ਦਾ ਮੁੱਖ ਆਧਾਰ ਜਾਤੀ ਨੂੰ ਮੰਨਿਆ ਜਾਂਦਾ ਹੈ। ਇਸ ਅਨੁਸਾਰ ਜ਼ਿਆਦਾਤਰ ਬ੍ਰਾਹਮਣ ਵੋਟਰ ਹਨ

# ਖੁੱਲੇ ਆਸਮਾਨ ਥੱਲੇ ਭਿੱਜਦੀਆਂ ਰਹੀਆਂ ਕਣਕ ਦੀਆਂ ਬੋਰੀਆਂ ਅਤੇ ਢੇਰੀਆਂ

ਤਪਾ ਮੰਡੀ, 29 ਅਪ੍ਰੈਲ –ਅੱਜ ਸਵੇਰੇ ਪਈ ਅਚਾਨਕ ਬਾਰਿਸ਼ ਕਾਰਨ ਖੁੱਲੇ ਆਸਮਾਨ ਨੀਚੇ ਪਈ ਕਣਕ ਦੀਆਂ ਭਰੀਆਂ ਬੋਰੀਆਂ ਅਤੇ ਢੇਰੀਆਂ ਭਿੱਜ ਗਈਆਂ ਜਿਸ ਨਾਲ ਕਿਸਾਨਾਂ ਮਜ਼ਦੂਰਾਂ ਅਤੇ ਆੜਤੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਿਛਲੇ 15 ਦਿਨਾਂ ਤੋਂ ਤਕਰੀਬਨ ਕਣਕ ਦੀ ਕਟਾਈ ਦਾ ਕੰਮ ਜੋਰ ਸ਼ੋਰ ਨਾਲ ਚੱਲ ਰਿਹਾ ਹੈ ਅਤੇ ਕਿਸਾਨ ਖੇਤਾਂ ਵਿੱਚੋਂ ਸਿੱਧੀ ਕਣਕ ਮੰਡੀਆਂ ਵਿੱਚ ਲਿਆ ਰਿਹਾ ਹੈ ਖੇਤਾਂ ਵਿੱਚ ਕਟਾਈ ਵਾਲੀ ਕਣਕ ਹੁਣ ਨਾ ਮਾਤਰ ਹੈ ਉੱਪਰੋਂ ਕਈ ਦਿਨਾਂ ਦੀ ਮੌਸਮ ਦੀ ਮਾਰ ਪੈਰ ਰਹੀ ਹੈ ਕਣਕ ਮੰਡੀਆਂ ਵਿੱਚ ਇੱਕ ਦਮ ਆਉਣ ਕਰਕੇ ਸਾਰਾ ਸਿਸਟਮ ਗੜਬੜਾ ਗਿਆ ਹੈ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕਿਸਾਨ ਮੰਡੀਆਂ ਵਿੱਚ ਨਹੀਂ ਬੈਠਣਾ ਚਾਹੀਦਾ ਇਸ ਕਰਕੇ ਬੋਲੀ ਲੱਗਣ ਸਾਰ ਆੜਤੀਏ ਕਿਸਾਨ ਦਾ ਮਾਲ ਭਰ ਕੇ ਉਹਨਾਂ ਨੂੰ ਫਾਰਗ ਕਰ ਦਿੰਦੇ ਹਨ ਅਤੇ ਮੰਡੀਆਂ ਵਿੱਚ ਅਨਾਜ ਦੀਆਂ ਬੋਰੀਆਂ ਬਹੁਤ ਵੱਡੀ ਤਾਦਾਦ ਵਿੱਚ ਪਈਆਂ ਹਨ ਮੰਡੀਆਂ ਵਿੱਚ ਇਸ ਵਾਰ ਲੇਬਰ ਅਤੇ ਟਰਾਂਸਪੋਰਟ ਦੀ ਵੱਡੀ ਘਾਟ ਦੇਖਣ ਨੂੰ ਮਿਲ ਰਹੀ ਹੈ। ਇਸ ਨੂੰ ਘਾਟ ਕਹੀਏ ਜਾਂ ਤੇਜੀ ਦਾ ਨਤੀਜਾ ਕਿਉਂਕਿ ਕਣਕ ਦਾ ਸੀਜਨ ਚੱਲੇ ਨੂੰ ਤਾਂ ਹਜੇ 10 ਦਿਨ ਵੀ ਨਹੀਂ ਹੋਏ ਹਰ ਕੋਈ



'ਹੱਥਾਂ ਤੇ ਸਰੋਂ ਜਮਾਉਣਾ' ਚਾਹੁੰਦਾ ਹੈ ਪ੍ਰਸ਼ਾਸਨ ਦਾ ਹਰ ਇੱਕ ਅਧਿਕਾਰੀ ਸਿਰਫ ਇੱਕ ਗੱਲ ਹੀ ਕਹਿੰਦਾ ਹੈ ਕਿ ਸਾਡਾ ਕੰਸਰਨ ਤਾਂ ਕਿਸਾਨ ਨਾਲ ਹੈ ਉਹ ਮੰਡੀ ਵਿੱਚ ਨਹੀਂ ਬੈਠਣਾ ਚਾਹੀਦਾ ਹੁਣ ਜਦੋਂ ਮੰਡੀਆਂ ਨੱਕੋ ਨੱਕ ਭਰ ਚੁੱਕੀਆਂ ਹਨ ਉਪਰੋਂ ਬਾਰਿਸ਼ ਆ ਰਹੀ ਹੈ ਤਾਂ ਕਣਕ ਨੇ ਤਾਂ ਭਿੱਜਣਾ ਹੀ ਹੈ ਕਣਕ ਦੇ ਘੱਟ ਲਿਫਟ ਹੋਣ ਦੇ ਕੁਝ ਕਾਰਨ ਪੜਦੇ ਦੇ ਪਿੱਛੇ ਵੀ ਲੁਕੇ ਹੋਏ ਹਨ ਕੁਝ ਆੜਤੀਆਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਟਰੈਕਟਰ ਟਰਾਲੀ ਵਾਲਾ 300 ਰੁਪਆ ਅਤੇ ਟਰੱਕ 500 ਰੁਪਆ ਲੈ ਕੇ ਹੀ ਟਰੱਕ ਲੋਡ ਕਰਵਾਉਂਦਾ ਹੈ ਇਸ ਤੇ ਜਦੋਂ ਪ੍ਰਧਾਨ ਟਰੱਕ ਯੂਨੀਅਨ ਤਜਿੰਦਰ ਸਿੰਘ ਢਿੱਲਵਾਂ ਨਾਲ ਗੱਲ ਕੀਤੀ ਤਾਂ ਉਨਾ ਕਿਹਾ ਕਿ ਅਸੀਂ ਮਾਲ ਦੀ ਢੋਆ ਢੁਆਈ ਸਹੀ ਢੰਗ ਨਾਲ ਕਰਨ ਲਈ ਬਚਨ ਵੱਧ ਹਾਂ ਜੋ ਵੀ ਕੋਈ ਤੁਹਾਡੇ ਤੋਂ ਪੈਸੇ ਦੀ ਮੰਗ ਕਰਦਾ ਹੈ ਤਾਂ ਸਾਨੂੰ ਦੱਸਿਆ ਜਾਵੇ ਪਰ ਇੱਕ ਕਹਾਵਤ ਹੈ ਕਿ 'ਸੁੱਖ ਦੇ ਗੁਲਗਲੇ ਕੋਈ ਸ਼ੌਂਕ' ਨੂੰ ਨਹੀਂ ਖਾਂਦਾ ਹੁਣ ਜਦੋਂ ਬਾਰਿਸ਼ ਹੋ ਗਈ ਹੈ ਤਾਂ ਬੋਰੀਆਂ ਨੀਚੇ ਪਾਣੀ ਫਿਰ ਜਾਂਦਾ ਹੈ ਇਸ ਨਾਲ ਬਾਰਦਾਨਾ ਅਤੇ ਕਣਕ ਖਰਾਬ ਹੋਣ ਦਾ ਡਰ ਬਣਿਆ ਰਹਿੰਦਾ ਹੈ ਆੜਤੀਆ ਅੰਦਰੋਂ ਅੰਦਰੀ ਡਰਦਾ ਇਹ ਕੁੱਝ ਕਰ ਰਿਹਾ ਹੈ ਲੇਬਰ ਦੀ ਲੋਡਿਗ ਦਾ ਸਰਕਾਰੀ ਰੇਟ ਆੜਤੀਏ ਨੂੰ 1.80 ਪੈਸੇ ਸਰਕਾਰ ਪਾਸੋਂ ਮਿਲਦਾ ਹੈ ਜਦ ਕਿ ਇਸ ਸਮੇਂ ਪ੍ਰਤੀ ਗੱਟਾ ਲੋਡ 4 ਦਾ ਮਾਰਕੀਟ ਵਿੱਚ ਚੱਲ ਰਿਹਾ ਹੈ ਇਸ ਕਰਕੇ ਮੰਡੀਆਂ ਦਾ ਇਹ ਤਾਣਾ ਬਾਣਾ ਦਿਨ ਪ੍ਰਤੀ ਦਿਨ ਉਲਝਦਾ ਹੀ ਜਾ ਰਿਹਾ ਹੈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਗੁਪਤਚਰ ਏਜੰਸੀਆਂ ਰਾਹੀ ਇਹਨਾਂ ਖਬਰਾਂ ਦੀ ਪੁਸ਼ਟੀ ਕਰ ਸਕਦੀ ਹੈ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਕਾਰੋਬਾਰ ਦੇ ਚੰਗੇ ਨਤੀਜੇ ਆਉਣ ਵਾਲੇ ਨਹੀਂ ਹਨ ਜਿਸ ਨਾਲ ਸਮਾਜ ਦਾ ਸਾਰਾ ਭਾਈਚਾਰਾ ਹੀ ਪ੍ਰਭਾਵਿਤ ਹੋਵੇਗਾ।

# ਹੋਮਿਓਪੈਥਿਕ ਦਵਾਈ 3 ਮਹੀਨੇ ਦੀ ਬੱਚੀ ਲਈ ਬਣੀ ਵਰਦਾਨ , ਬੱਚੀ ਦੇ ਪੇਟ ਵਿਚਲੀਆਂ ਹਰਨੀਆਂ ਹੋਈਆਂ ਖਤਮ

ਸਮਾਣਾ, 29 ਅਪ੍ਰੈਲ – ਹੋਮਿਓਪੈਥਿਕ ਦਵਾਈਆਂ ਗੰਭੀਰ ਤੋਂ ਗੰਭੀਰ ਬਿਮਾਰੀ ਨੂੰ ਜੜ ਤੋਂ ਖਤਮ ਕਰਦੀਆਂ ਹਨ। ਜੇਕਰ ਕਿਸੇ ਵੀ ਬਿਮਾਰੀ ਤੋਂ ਪੀੜ੍ਹਤ ਰੋਗੀ ਹੋਮਿਓਪੈਥੀ ਦੇ ਮਾਹਰ ਡਾਕਟਰ ਪਾਸੋਂ ਇਲਾਜ ਕਰਵਾਵੇ ਤਾਂ ਰੋਗ ਹੋਮਿਓਪੈਥਿਕ ਦਵਾਈਆਂ ਨਾਲ ਜੜ ਤੋਂ ਖਤਮ ਹੋ ਜਾਂਦੇ ਹਨ ਅਤੇ ਅਪ੍ਰੇਸ਼ਨ ਤੋਂ ਵੀ ਬਚਿਆ ਜਾ ਸਕਦਾ ਹੈ। ਇਹ ਜਾਣਕਾਰੀ ਹੋਮਿਓਪੈਥੀ ਦੇ ਮਾਹਰ ਡਾ. ਨਿਰਮਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ ਜੋ ਪੁਰਾਣੀ ਅਗਰਵਾਲ ਗਊਸ਼ਾਲਾ ਵਿਖੇ ਹਰ ਸ਼ਨਿੱਚਰਵਾਰ ਆਪਣੀਆਂ ਮੁਫਤ ਸੇਵਾਵਾਂ ਦੇ ਨਾਲ ਨਾਲ ਅਤੇ ਰੋਗੀਆਂ ਨੂੰ ਮੁਫਤ ਦਵਾਈਆਂ ਦਿੰਦੇ ਹਨ। ਉਹਨਾਂ ਦੱਸਿਆ ਕਿ ਇੱਕ ਤਿੰਨ ਮਹੀਨੇ ਦੀ ਬੱਚੀ ਦੇ ਪੇਟ ਵਿੱਚ ਹਰਨੀਆਂ ਸਨ ਜੋ ਦਰਦ ਨਾਲ ਸਾਰਾ ਦਿਨ ਰੋਂਦੀ ਰਹਿੰਦੀ ਸੀ ਜਿਨਾਂ ਨੂੰ ਪੀ ਜੀ ਆਈ ਤੱਕ ਦੇ ਡਾਕਟਰਾਂ ਨੇ ਅਪਰੇਸ਼ਨ ਹੀ ਹੱਲ ਦੱਸਿਆ ਉਸ ਬੱਚੀ ਦੇ ਮਾਪੇ ਬੱਚੀ ਨੂੰ ਲੈ ਕੇ ਉਹਨਾਂ ਕੋਲ ਆਏ ਤਾਂ ਉਹਨਾਂ ਬੱਚੀ ਦੀਆਂ ਟੈਸਟ ਰਿਪੋਰਟਾਂ ਦੇਖ ਕੇ ਦਵਾਈ ਦਿੱਤੀ ਤਾਂ 15 ਦਿਨਾਂ ਵਿੱਚ ਉਸ ਬੱਚੀ ਦੀਆਂ ਹਰਨੀਆਂ ਠੀਕ ਹੋ ਗਈਆਂ ਹਨ।



ਬੱਚੀ ਦੇ ਪਿਤਾ ਰਮਨ ਚੋਪੜਾ ਨੇ ਦੱਸਿਆ ਕਿ ਉਹਨਾਂ ਦੀ ਬੱਚੀ ਜਦੋਂ ਇੱਕ ਮਹੀਨੇ ਦੀ ਸੀ ਜ਼ਿਆਦਾ ਰੋਣ ਕਰਕੇ ਉਸਦੀ ਪਤਨੀ ਨੇ ਵੇਖਿਆ ਕਿ ਬੱਚੀ ਦੇ ਹਰਨੀਆਂ ਵਾਲੇ ਪਾਸਿਓਂ ਪੇਟ ਫੁੱਲ ਰਿਹਾ ਸੀ ਤਾਂ ਉਹ ਬੱਚਿਆਂ ਦੇ ਮਾਹਰ ਡਾਕਟਰ ਕੋਲੇ ਲੈ ਕੇ ਗਏ ਜਿਸ ਨੇ ਚੈੱਕ ਅਪ ਕਰਨ ਉਪਰੰਤ ਕਿਹਾ ਕਿ ਬੱਚੀ ਦੇ ਪੇਟ ਵਿੱਚ ਹਰਨੀਆਂ ਹਨ। ਇਹਨਾਂ ਦਾ ਆਪਰੇਸ਼ਨ ਕਰਾਉਣਾ ਪਵੇਗਾ ਫਿਰ ਉਹ ਪਟਿਆਲਾ ਵਿਖੇ ਬੱਚਿਆਂ ਦੇ ਮਾਹਰ ਡਾਕਟਰਾਂ ਫਿਰ ਪੀ ਜੀ ਆਈ ਚੰਡੀਗੜ੍ਹ ਬੱਚੀ ਨੂੰ ਇਲਾਜ ਲਈ ਲੈ ਕੇ ਗਏ, ਜਿਨਾਂ ਨੇ ਸਿਰਫ ਆਪਰੇਸ਼ਨ ਹੀ ਹੱਲ ਦੱਸਿਆ ਪਰ ਅਸੀਂ ਛੋਟੀ ਬੱਚੀ ਹੋਣ ਕਰਕੇ ਅਪਰੇਸ਼ਨ ਕਰਵਾਉਣ ਤੋਂ ਡਰ ਗਏ ਫਿਰ ਮੇਰੀ ਪਤਨੀ ਨੇ ਹੋਮਿਓਪੈਥੀ ਦੇ ਮਸ਼ਹੂਰ ਡਾਕਟਰ ਨਿਰਮਲ ਸਿੰਘ ਨੂੰ ਦਿਖਾਉਣ ਕਿਹਾ ਕਿ ਅਸੀਂ ਬੱਚੀ ਨੂੰ ਲੈ ਕੇ ਡਾਕਟਰ ਸਾਹਿਬ ਕੋਲ ਗਏ ਤਾਂ ਉਹਨਾਂ ਨੇ ਚੈੱਕ ਅਪ ਕਰਨ ਉਪਰੰਤ ਕਿਹਾ ਕਿ ਹੋਮਿਓਪੈਥਿਕ ਦਵਾਈਆਂ ਨਾਲ ਹਰਨੀਆਂ ਠੀਕ ਹੋ ਜਾਣਗੀਆਂ ਤੁਹਾਨੂੰ ਆਪਰੇਸ਼ਨ ਕਰਾਉਣ ਦੀ ਲੋੜ ਨਹੀਂ ਡਾਕਟਰ ਸਾਹਿਬ ਨੇ ਪਹਿਲਾ 15 ਦਿਨ ਦੀ ਦਵਾਈ ਦਿੱਤੀ ਉਸ ਦਵਾਈ ਨਾਲ ਹੀ ਹਰਨੀਆ ਠੀਕ ਹੋ ਗਈਆਂ ਹੁਣ ਬੱਚੀ ਬਿਲਕੁਲ ਤੰਦਰੁਸਤ ਹੈ। ਅਸੀਂ ਬੱਚੀ ਨੂੰ ਠੀਕ ਕਰਨ ਵਾਲੇ ਡਾਕਟਰ ਨਿਰਮਲ ਸਿੰਘ ਨੂੰ ਰੱਬ ਦਾ ਰੂਪ ਮੰਨਦੇ ਹਨ। ਡਾਕਟਰ ਨਿਰਮਲ ਸਿੰਘ ਨੇ ਕਿਹਾ ਕਿ ਬਹੁਤ ਸਾਰੀਆਂ ਬਿਮਾਰੀਆਂ ਜਿਨਾਂ ਵਿੱਚ ਆਲੋਪੈਥੀ ਦੇ ਡਾਕਟਰਾਂ ਵੱਲੋਂ ਆਪਰੇਸ਼ਨ ਦੱਸੇ ਜਾਂਦੇ ਹਨ । ਉਹਨਾਂ ਕਿਹਾ ਕਿ ਪੇਟ ਦੀਆਂ ਰਸੌਲੀਆਂ ਗੋਡੇ ਬਦਲਾਉਣ, ਟਿਊਮਰ, ਦੇ ਆਪਰੇਸ਼ਨ ਕਰਾਉਣ ਦੀ ਲੋੜ ਨਹੀਂ ਉਹ ਹੋਮਿਓਪੈਥਿਕ ਦਵਾਈਆਂ ਨਾਲ ਠੀਕ ਹੋ ਜਾਂਦੇ ਹਨ ਇਸ ਲਈ ਸਾਨੂੰ ਹੋਮਿਓਪੈਥੀ ਪ੍ਰਣਾਲੀ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਹਰੇਕ ਬਿਮਾਰੀ ਦੇ ਇਲਾਜ ਹੋਮਿਓਪੈਥੀ ਦੇ ਮਾਹਰ ਡਾਕਟਰਾਂ ਕੋਲੇ ਆਪਣੇ ਇਲਾਜ ਕਰਵਾਉਣੇ ਚਾਹੀਦੇ ਹਨ ਕਿਉਂਕਿ ਹੋਮਿਓਪੈਥੀ ਪ੍ਰਣਾਲੀ ਵਿੱਚ ਸਭ ਤੋਂ ਸਸਤਾ ਇਲਾਜ ਹੁੰਦਾ ਹੈ। ਉਹਨਾਂ ਕਿਹਾ ਕਿ ਅਗਰਵਾਲ ਗਊਸ਼ਾਲਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹਰ ਸ਼ਨੀਵਾਰ ਪੁਰਾਣੀ ਅਗਰਵਾਲ ਗਊਸ਼ਾਲਾ ਵਿਖੇ ਮਰੀਜ਼ਾਂ ਨੂੰ ਮੁਫਤ ਵੇਖਦੇ ਅਤੇ ਮੁਫਤ ਦਵਾਈਆਂ ਦਿੰਦੇ ਹਨ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com